People's Herald



# "ਇਕੁਐਲਿਟੀ ਐਂਡ ਜਸਟਿਸ"

Rs- 160/month

https://www.facebook.com/profile.php?id=61037521061610

ਪਟਿਆਲਾ

"Equality and Justice"

स्वतंत्रता, समानता, भाईचारा

People's Herald



PATIALA On line paper 15 ਜਨਵਰੀ 2026 ਵੀਰਵਾਰ "ਰੋਜ਼ਾਨਾ" ਪੰਜਵਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773




## ਪਾਵਨ ਸਰੂਪਾਂ ਦੇ ਮਾਮਲੇ 'ਤੇ ਬੋਲੇ, ਮੁੱਖ ਮੰਤਰੀ ਭਗਵੰਤ ਮਾਨ 139 ਸਰੂਪਾਂ ਦਾ SGPC ਕੋਲ ਕੋਈ ਰਿਕਾਰਡ ਨਹੀਂ',

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਸ੍ਰੀ ਮੁਕਤਸਰ ਸਾਹਿਬ: ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਕਾਨਫਰੰਸ ਉੱਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 328 ਪਾਵਨ ਸਰੂਪਾਂ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ 139 ਸਰੂਪਾਂ ਦਾ ਸ਼੍ਰੋਮਣੀ ਕਮੇਟੀ ਕੋਲ ਰਿਕਾਰਡ ਹੀ ਨਹੀਂ ਹੈ। ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਕਮੇਟੀ ਕੋਲ ਸਿਰਫ਼ 30 ਸਰੂਪਾਂ ਦੀਆਂ ਪਰਚੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਬੰਗਾ ਦੇ ਇਕ ਡੇਰੇ ਤੋਂ 169 ਸਰੂਪ ਬਰਾਮਦ ਕੀਤੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਿੱਟ ਇਮਾਨਦਾਰੀ ਨਾਲ ਜਾਂਚ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦੀ ਜ਼ਿੰਮੇਵਾਰ ਤਾਂ ਕਮੇਟੀ ਹੀ ਹੈ।

ਮਹਿਲਾ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਐਲਾਨ

ਮੁੱਖ ਮੰਤਰੀ ਭਗਵੰਤ ਮਾਨ ਨੇ ਮਹਿਲਾਵਾਂ ਨੂੰ ਲੈ ਕੇ ਇਕ ਵੱਡਾ ਐਲਾਨ ਕਰਦੇ ਹੋਏ ਕਿਹਾ ਹੈ ਕਿ ਪੰਜਾਬ ਦੀਆਂ ਮਹਿਲਾਵਾਂ ਨੂੰ ਜਲਦ ਹੀ 1000ਰੁਪਏ ਮਿਲਣਗੇ ਉਨ੍ਹਾਂ ਨੇ ਕਿਹਾ ਹੈ ਕਿ ਬਜਟ ਸੈਸ਼ਨ



ਵਿੱਚ 1000 ਰੁਪਏ ਵਾਲੇ ਵਾਅਦੇ ਨੂੰ ਵੀ ਪੂਰਾ ਕੀਤਾ ਜਾਵੇਗਾ।

## ਅਗਲੇ ਬਜਟ ਸੈਸ਼ਨ 'ਚ ਪੂਰਾ ਹੋਵੇਗਾ 1 ਹਜ਼ਾਰ ਵਾਲਾ ਵਾਅਦਾ: CM ਭਗਵੰਤ ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਸ੍ਰੀ ਮੁਕਤਸਰ ਸਾਹਿਬ: ਮੁਕਤਸਰ ਸਾਹਿਬ ਵਿਖੇ ਸਿਆਸੀ ਕਾਨਫ਼ਰੰਸ ਵਿਚ ਬੋਲਦੇ ਹੋਏ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਵਲੋਂ ਕੀਤਾ 1 ਹਜ਼ਾਰ ਰੁਪਏ ਵਾਲਾ ਵਾਅਦਾ ਅਗਲੇ ਬਜਟ ਵਿਚ ਪੂਰਾ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਦੇ ਹੱਕਾਂ ਲਈ ਖੜ੍ਹੇ ਹੋਣ ਨਾਲ ਤੁਹਾਨੂੰ ਵਾਰੀ ਮਿਲਦੀ ਹੈ। ਇਹ ਲੋਕ ਲੁੱਟਣ ਦੀ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ 328 ਪਾਵਨ ਸਰੂਪਾਂ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ 139 ਸਰੂਪਾਂ ਦਾ ਸ਼੍ਰੋਮਣੀ ਕਮੇਟੀ ਕੋਲ ਰਿਕਾਰਡ ਹੀ ਨਹੀਂ ਹੈ। ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਕਮੇਟੀ ਕੋਲ ਸਿਰਫ਼ 30 ਸਰੂਪਾਂ ਦੀਆਂ ਪਰਚੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਬੰਗਾ ਦੇ ਇਕ ਡੇਰੇ ਤੋਂ 169 ਸਰੂਪ ਬਰਾਮਦ ਕੀਤੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਿੱਟ ਇਮਾਨਦਾਰੀ ਨਾਲ ਜਾਂਚ ਕਰ



ਰਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦੀ ਜ਼ਿੰਮੇਵਾਰ ਤਾਂ ਕਮੇਟੀ ਹੀ ਹੈ।

## ਆਸਟ੍ਰੇਲੀਆ ਨੇ ਭਾਰਤੀ ਵਿਦਿਆਰਥੀਆਂ ਲਈ ਵੀਜ਼ਾ ਨਿਯਮਾਂ 'ਚ ਕੀਤਾ ਬਦਲਾਅ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਆਸਟ੍ਰੇਲੀਆ ਨੇ ਭਾਰਤੀ ਵਿਦਿਆਰਥੀਆਂ ਲਈ ਵਿਦਿਆਰਥੀ ਵੀਜ਼ਾ ਨਿਯਮਾਂ 'ਚ ਬਦਲਾਅ ਕੀਤਾ ਹੈ। ਭਾਰਤ ਨੂੰ ਹੁਣ ਸਭ ਤੋਂ ਵੱਧ ਜੋਖਮ ਵਾਲੀ ਸ਼੍ਰੇਣੀ, ਮੁਲਾਂਕਣ ਪੱਧਰ 3 (AL3) ਵਿੱਚ ਰੱਖਿਆ ਗਿਆ ਹੈ। ਪਹਿਲਾਂ ਭਾਰਤ AL2 ਸ਼੍ਰੇਣੀ ਵਿੱਚ ਸੀ। ਇਹ ਨਵਾਂ ਨਿਯਮ 8 ਜਨਵਰੀ, 2026 ਤੋਂ ਲਾਗੂ ਹੈ। ਆਸਟ੍ਰੇਲੀਆਈ ਸਰਕਾਰ ਨੇ ਕਿਹਾ ਹੈ ਕਿ ਦਸਤਾਵੇਜ਼ਾਂ ਸੰਬੰਧੀ ਇਸ ਸਖ਼ਤੀ ਦਾ ਉਦੇਸ਼ ਵੀਜ਼ਾ ਪ੍ਰਣਾਲੀ ਵਿੱਚ ਵਧਦੀਆਂ ਬੇਨਿਯਮੀਆਂ ਨੂੰ ਰੋਕਣਾ ਹੈ।

ਭਾਰਤ ਤੋਂ ਇਲਾਵਾ, ਨੇਪਾਲ, ਬੰਗਲਾਦੇਸ਼ ਅਤੇ ਭੂਟਾਨ ਨੂੰ ਵੀ AL3 ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਪਾਕਿਸਤਾਨ ਪਹਿਲਾਂ ਹੀ ਇਸ ਸ਼੍ਰੇਣੀ ਵਿੱਚ ਹੈ। ਆਸਟ੍ਰੇਲੀਆ ਦੇ ਮੁਲਾਂਕਣ ਪੱਧਰ ਪ੍ਰਣਾਲੀ ਦੇ ਤਹਿਤ, AL1 ਨੂੰ ਸਭ ਤੋਂ ਘੱਟ ਜੋਖਮ ਪੱਧਰ ਮੰਨਿਆ ਜਾਂਦਾ ਹੈ, ਅਤੇ AL3 ਨੂੰ ਸਭ ਤੋਂ ਵੱਧ ਜੋਖਮ ਪੱਧਰ ਮੰਨਿਆ ਜਾਂਦਾ ਹੈ। ਨਵੇਂ ਨਿਯਮਾਂ ਦੇ ਤਹਿਤ, ਵਿਦਿਆਰਥੀਆਂ ਨੂੰ ਹੁਣ ਪਹਿਲਾਂ ਨਾਲੋਂ ਜ਼ਿਆਦਾ ਦਸਤਾਵੇਜ਼ ਪ੍ਰਦਾਨ ਕਰਨੇ ਪੈਣਗੇ। ਉਨ੍ਹਾਂ ਨੂੰ ਆਪਣੀ ਵਿੱਤੀ ਸਥਿਤੀ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ, ਅਤੇ ਇਹ ਸਾਬਤ ਕਰਨਾ ਪਵੇਗਾ ਕਿ ਉਹ ਸੱਚਮੁੱਚ ਆਸਟ੍ਰੇਲੀਆ ਪੜ੍ਹਾਈ ਕਰਨ ਜਾ ਰਹੇ ਹਨ। ਆਸਟ੍ਰੇਲੀਆ ਦੇ ਇਮੀਗ੍ਰੇਸ਼ਨ ਵਿਭਾਗ ਦੇ ਸਾਬਕਾ ਡਿਪਟੀ ਸੈਕਟਰੀ ਅਬੁਲ ਰਿਜ਼ਵੀ ਨੇ ਕਿਹਾ ਕਿ ਉੱਚ-ਜੋਖਮ ਸ਼੍ਰੇਣੀ ਵਿੱਚ ਆਉਣ ਵਾਲੇ ਦੇਸ਼ਾਂ ਦੇ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਜਾਂਦੀ ਹੈ।

## ਈਰਾਨ ਵਿੱਚ ਵਿਗੜੇ ਹਾਲਾਤ: ਭਾਰਤੀਆਂ ਨੂੰ ਤੁਰੰਤ ਉੱਥੋਂ ਨਿਕਲਣ ਦੀ ਸਲਾਹ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਈਰਾਨ ਵਿੱਚ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਕਾਰਨ, ਭਾਰਤ ਸਰਕਾਰ ਨੇ ਬੁੱਧਵਾਰ ਨੂੰ ਨਾਗਰਿਕਾਂ ਲਈ ਇੱਕ ਐਡਵਾਇਜ਼ਰੀ ਜਾਰੀ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਈਰਾਨ ਵਿੱਚ ਮੌਜੂਦਾ ਕੋਈ ਵੀ ਭਾਰਤੀ ਨਾਗਰਿਕ, ਭਾਵੇਂ ਵਿਦਿਆਰਥੀ, ਸ਼ਰਧਾਲੂ, ਕਾਰੋਬਾਰੀ ਜਾਂ ਸੈਲਾਨੀ, ਜਿੰਨੀ ਜਲਦੀ ਹੋ ਸਕੇ ਉੱਥੋਂ ਨਿਕਲ ਜਾਣ।

ਇਸ ਐਡਵਾਇਜ਼ਰੀ ਵਿੱਚ ਕਿਹਾ ਗਿਆ ਹੈ ਕਿ ਇਹ ਸਲਾਹ 5 ਜਨਵਰੀ ਨੂੰ ਜਾਰੀ ਕੀਤੀ ਗਈ ਪਿਛਲੀ ਸਲਾਹ ਦੀ ਨਿਰੰਤਰਤਾ ਹੈ ਅਤੇ ਈਰਾਨ ਵਿੱਚ ਬਦਲਦੀ ਸਥਿਤੀ ਦੇ ਮੱਦੇਨਜ਼ਰ ਜਾਰੀ ਕੀਤੀ ਗਈ ਹੈ। ਸਰਕਾਰ ਨੇ ਇਹ ਵੀ ਦੁਹਰਾਇਆ ਕਿ ਸਾਰੇ ਭਾਰਤੀ ਨਾਗਰਿਕਾਂ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਵਿਰੋਧ ਪ੍ਰਦਰਸ਼ਨਾਂ ਜਾਂ ਭੀੜ ਵਾਲੀਆਂ ਥਾਵਾਂ ਤੋਂ ਬਚਣਾ ਚਾਹੀਦਾ ਹੈ।

ਈਰਾਨ ਵਿੱਚ ਭਾਰਤੀ ਨਾਗਰਿਕਾਂ ਨੂੰ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਨਵੀਂ ਜਾਣਕਾਰੀ 'ਤੇ ਅਪਡੇਟ ਰਹਿਣ ਲਈ ਸਥਾਨਕ ਮੀਡੀਆ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

ਬੁੱਧਵਾਰ ਸ਼ਾਮ ਨੂੰ ਈਰਾਨ ਵਿੱਚ 300 ਲਾਸ਼ਾਂ ਨੂੰ ਦਫ਼ਨਾਇਆ ਜਾਵੇਗਾ। ਅੰਗਰੇਜ਼ੀ ਅਖਬਾਰ ਦਿ ਗਾਰਡੀਅਨ ਦੇ ਅਨੁਸਾਰ, ਲਾਸ਼ਾਂ ਵਿੱਚ ਪ੍ਰਦਰਸ਼ਨਕਾਰੀਆਂ ਦੇ ਨਾਲ-ਨਾਲ ਸੁਰੱਖਿਆ ਬਲ ਵੀ ਸ਼ਾਮਲ ਹੋਣਗੇ। ਇਹ ਸਮਾਗਮ ਸਖ਼ਤ ਸੁਰੱਖਿਆ ਵਿਚਕਾਰ ਤਹਿਰਾਨ ਯੂਨੀਵਰਸਿਟੀ ਦੇ ਕੈਂਪਸ ਵਿੱਚ ਹੋਣ ਦੀ ਉਮੀਦ ਹੈ।

ਪ੍ਰਦਰਸ਼ਨਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਦੀ ਨਿਗਰਾਨੀ ਕਰਨ ਵਾਲੀ ਇੱਕ ਅਮਰੀਕੀ ਸੰਸਥਾ, ਹਿਊਮਨ ਰਾਈਟਸ ਐਕਟੀਵਿਸਟ ਨਿਊਜ਼ ਏਜੰਸੀ, ਨੇ ਰਿਪੋਰਟ ਦਿੱਤੀ ਹੈ ਕਿ ਹੁਣ ਤੱਕ 2,550 ਤੋਂ ਵੱਧ ਲੋਕ ਮਾਰੇ



ਗਏ ਹਨ। ਇਸ ਵਿੱਚ 2,403 ਪ੍ਰਦਰਸ਼ਨਕਾਰੀ ਅਤੇ 147 ਸਰਕਾਰ ਨਾਲ ਸਬੰਧਤ ਵਿਅਕਤੀ ਸ਼ਾਮਲ ਹਨ।

ਹਾਲਾਂਕਿ, ਈਰਾਨ ਇੰਟਰਨੈਸ਼ਨਲ, ਜੋ ਕਿ ਈਰਾਨ ਨਾਲ ਸਬੰਧਤ ਮੁੱਦਿਆਂ ਨੂੰ ਕਵਰ ਕਰਦੀ ਹੈ, ਦਾ ਦਾਅਵਾ ਹੈ ਕਿ ਦੇਸ਼ ਭਰ ਵਿੱਚ ਘੱਟੋ-ਘੱਟ 12,000 ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗੋਲੀਆਂ ਲੱਗਣ ਕਾਰਨ ਹੋਏ ਹਨ।

## ਕੈਨੇਡਾ ਦਾ ਭਾਰਤ 'ਤੇ ਗੰਭੀਰ ਇਲਜ਼ਾਮ: ਗੁਜਰਾਤ ਦੀ ਜੇਲ੍ਹ 'ਚੋਂ ਗੈਂਗ ਚਲਾ ਰਿਹਾ ਹੈ ਲਾਰੈਂਸ ਬਿਸ਼ਨੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਕੈਨੇਡਾ ਦੀ ਕੌਮੀ ਪੁਲੀਸ 'ਰੋਇਲ ਕੈਨੇਡੀਅਨ ਮਾਊਂਟਿਡ ਪੁਲੀਸ' (RCMP) ਦੀ ਇੱਕ ਗੁਪਤ ਰਿਪੋਰਟ ਨੇ ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਹੇ ਕੂਟਨੀਤਕ ਤਣਾਅ ਨੂੰ ਹੋਰ ਵਧਾ ਦਿੱਤਾ ਹੈ।

'ਗਲੋਬਲ ਨਿਊਜ਼' ਵੱਲੋਂ ਨਸ਼ਰ ਕੀਤੀ ਗਈ ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੀ ਸਾਬਰਮਤੀ ਜੇਲ੍ਹ (ਗੁਜਰਾਤ) ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਜੇਲ੍ਹ ਦੇ ਅੰਦਰੋਂ ਹੀ ਆਪਣਾ ਅਪਰਾਧਿਕ ਨੈੱਟਵਰਕ ਚਲਾ ਰਿਹਾ ਹੈ। ਰਿਪੋਰਟ ਵਿੱਚ ਸਭ ਤੋਂ ਹੈਰਾਨੀਜਨਕ ਦਾਅਵਾ ਇਹ ਕੀਤਾ ਗਿਆ ਹੈ ਕਿ ਬਿਸ਼ਨੋਈ ਗੈਂਗ 'ਭਾਰਤ ਸਰਕਾਰ ਦੇ ਇਸ਼ਾਰੇ 'ਤੇ' ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਅਤੇ ਹੋਰ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਰਿਪੋਰਟ ਦੇ ਅਨੁਸਾਰ, ਲਾਰੈਂਸ ਬਿਸ਼ਨੋਈ ਸਾਲ 2015 ਤੋਂ ਜੇਲ੍ਹ ਵਿੱਚ ਹੈ ਪਰ ਉਹ ਉੱਥੋਂ ਹੀ ਕੈਨੇਡਾ ਵਿੱਚ ਜਬਰਨ ਉਗਰਾਹੀ (Extortion), ਨਸ਼ਾ ਤਸਕਰੀ ਅਤੇ ਕੰਟਰੈਕਟ ਕਿਲਿੰਗ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਹੈ।

ਇਹ ਵੀ ਕਿਹਾ ਗਿਆ ਹੈ ਕਿ ਬਿਸ਼ਨੋਈ ਆਪਣੇ ਸਾਥੀ ਗੋਲਡੀ ਬਰਾੜ (ਸਤਿੰਦਰਜੀਤ ਸਿੰਘ) ਨਾਲ ਮਿਲ ਕੇ ਭਾਰਤ, ਉੱਤਰੀ ਅਮਰੀਕਾ ਅਤੇ ਯੂਰਪ ਸਮੇਤ ਕਈ ਦੇਸ਼ਾਂ ਵਿੱਚ ਫੈਲੇ ਆਪਣੇ 700 ਮੈਂਬਰਾਂ ਦੇ ਗੈਂਗ ਨੂੰ ਨਿਰਦੇਸ਼ ਦੇ ਰਿਹਾ ਹੈ। ਕੈਨੇਡੀਅਨ ਪੁਲੀਸ ਨੇ ਦੋਸ਼ ਲਾਇਆ ਹੈ ਕਿ ਹਰਦੀਪ ਸਿੰਘ ਨਿੱਝਰ ਅਤੇ ਸੁਖਦੂਲ ਸਿੰਘ ਵਰਗੇ ਨੇਤਾਵਾਂ ਦੇ ਕਤਲ ਵਿੱਚ ਇਸੇ ਗੈਂਗ ਦਾ ਹੱਥ ਸੀ।

ਭਾਰਤ ਸਰਕਾਰ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਖ਼ਤੀ ਨਾਲ ਖਾਰਜ ਕਰ ਦਿੱਤਾ ਹੈ। ਭਾਰਤ ਨੇ ਕੈਨੇਡਾ ਦੇ ਇਨ੍ਹਾਂ ਦਾਅਵਿਆਂ ਨੂੰ 'ਬੇਬੁਨਿਆਦ ਅਤੇ ਸਿਆਸਤ ਤੋਂ ਪ੍ਰੇਰਿਤ' ਕਰਾਰ ਦਿੱਤਾ ਹੈ। ਇਸ ਵਿਵਾਦ ਦੇ ਚੱਲਦਿਆਂ ਭਾਰਤ ਪਹਿਲਾਂ ਹੀ ਆਪਣੇ ਛੇ ਡਿਪਲੋਮੈਟਾਂ ਨੂੰ ਵਾਪਸ ਬੁਲਾ ਚੁੱਕਾ ਹੈ ਅਤੇ ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ਛੱਡਣ ਦਾ ਹੁਕਮ ਦੇ ਚੁੱਕਾ ਹੈ।

ਗੁਜਰਾਤ ਜੇਲ੍ਹ ਵਿਭਾਗ ਜਾਂ ਭਾਰਤੀ ਹਾਈ ਕਮਿਸ਼ਨ ਵੱਲੋਂ ਅਜੇ ਤੱਕ ਇਸ ਤਾਜ਼ਾ ਰਿਪੋਰਟ 'ਤੇ ਕੋਈ ਅਧਿਕਾਰਤ ਟਿੱਪਣੀ ਨਹੀਂ ਆਈ ਹੈ।ਇਹ ਖੁਲਾਸਾ ਅਜਿਹੇ



ਸਮੇਂ ਹੋਇਆ ਹੈ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਗੱਲਬਾਤ ਮੁੜ ਸ਼ੁਰੂ ਹੋਣ ਦੀ ਉਮੀਦ ਜਤਾਈ ਜਾ ਰਹੀ ਸੀ। ਪਰ RCMP ਦੀ ਇਸ ਰਿਪੋਰਟ ਨੇ ਇੱਕ ਵਾਰ ਫਿਰ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੁੜੱਤਣ ਵਧਾ ਦਿੱਤੀ ਹੈ।

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੈਨੇਡੀਅਨ ਜਾਂਚ ਏਜੰਸੀਆਂ ਕੋਲ ਅਜਿਹੀਆਂ ਗੁਪਤ ਜਾਣਕਾਰੀਆਂ ਹਨ ਜੋ ਸੀਨੀਅਰ ਭਾਰਤੀ ਅਧਿਕਾਰੀਆਂ ਨੂੰ ਇਨ੍ਹਾਂ ਅਪਰਾਧਿਕ ਗਤੀਵਿਧੀਆਂ ਨਾਲ ਜੋੜਦੀਆਂ ਹਨ।

# ਹਾਈ ਕੋਰਟ ਨੇ ਅਬੋਹਰ ਨਗਰ ਨਿਗਮ ਚੋਣਾਂ 'ਤੇ ਲਗਾਈ ਰੋਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਬੋਹਰ ਨਗਰ ਨਿਗਮ ਚੋਣ ਪ੍ਰਕਿਰਿਆ ਵਿੱਚ ਮਹੱਤਵਪੂਰਨ ਦਖਲਅੰਦਾਜ਼ੀ ਕਰਦੇ ਹੋਏ ਅਗਲੇ ਹੁਕਮਾਂ ਤੱਕ ਚੋਣ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਵਾਰਡਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਜਵਾਬ ਮੰਗਣ ਲਈ ਨੋਟਿਸ ਜਾਰੀ ਕੀਤਾ ਹੈ ਅਤੇ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਉਦੋਂ ਤੱਕ ਅਬੋਹਰ ਨਗਰ ਨਿਗਮ ਚੋਣਾਂ ਸੰਬੰਧੀ ਕੋਈ ਵੀ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਜਾਵੇ।

ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਅਬੋਹਰ ਨਗਰ ਨਿਗਮ ਵੱਲੋਂ ਕੀਤੀਆਂ ਗਈਆਂ ਨਵੀਆਂ ਵਾਰਡਬੰਦੀਆਂ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੰਦੀ ਹੈ। ਪਟੀਸ਼ਨਕਰਤਾਵਾਂ ਦਾ ਕਹਿਣਾ ਹੈ ਕਿ, ਕੇਂਦਰ ਸਰਕਾਰ ਦੀਆਂ ਸਪੱਸ਼ਟ ਹਦਾਇਤਾਂ ਅਨੁਸਾਰ, 31 ਦਸੰਬਰ ਤੋਂ ਬਾਅਦ ਕਿਸੇ ਵੀ ਵਾਰਡ ਦੀਆਂ ਹੱਦਬੰਦੀਆਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾ ਸਕਦਾ ਸੀ, ਅਤੇ ਸਾਰੀਆਂ ਵਾਰਡ ਸੀਮਾਵਾਂ "ਫ੍ਰੀਜ਼" ਕਰ ਦਿੱਤੀਆਂ ਗਈਆਂ ਸਨ। ਇਸ ਦੇ ਬਾਵਜੂਦ, ਪੰਜਾਬ ਸਰਕਾਰ ਨੇ 8 ਜਨਵਰੀ ਨੂੰ ਇੱਕ ਨਵਾਂ ਵਾਰਡ ਹੱਦਬੰਦੀ ਨੋਟੀਫਿਕੇਸ਼ਨ ਜਾਰੀ ਕੀਤਾ, ਜੋ ਕਿ ਕੇਂਦਰ ਸਰਕਾਰ ਦੇ ਹੁਕਮਾਂ ਦੀ ਸਰੇਆਮ ਉਲੰਘਣਾ ਹੈ।

ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਕਿਉਂਕਿ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ 31 ਦਸੰਬਰ ਤੋਂ ਬਾਅਦ ਨਵੀਆਂ ਹੱਦਾਂ ਬਣਾਉਣ 'ਤੇ ਪਾਬੰਦੀ ਲਗਾਉਂਦੇ ਹਨ, ਇਸ ਲਈ ਪੰਜਾਬ ਸਰਕਾਰ ਦਾ ਜਨਵਰੀ ਵਿੱਚ ਨਵੀਆਂ ਵਾਰਡਬੰਦੀਆਂ ਲਾਗੂ ਕਰਨ ਦਾ ਫੈਸਲਾ ਕਾਨੂੰਨੀ ਤੌਰ 'ਤੇ ਅਸੰਗਤ ਅਤੇ ਮਨਮਾਨੀ ਹੈ। ਪਟੀਸ਼ਨਕਰਤਾਵਾਂ ਨੇ ਹਾਈ ਕੋਰਟ ਨੂੰ ਵਾਰਡਬੰਦੀ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ, ਇਹ ਦਾਅਵਾ ਕਰਦੇ ਹੋਏ ਕਿ ਇਹ ਲੋਕਤੰਤਰੀ ਪ੍ਰਕਿਰਿਆ ਨੂੰ ਕਮਜ਼ੋਰ ਕਰਦਾ ਹੈ।

ਮੁੱਢਲੀ ਸੁਣਵਾਈ ਤੋਂ ਬਾਅਦ, ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਗਲੇ ਹੁਕਮਾਂ ਤੱਕ ਅਬੋਹਰ ਨਗਰ ਨਿਗਮ ਚੋਣਾਂ ਸੰਬੰਧੀ ਕੋਈ ਵੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾਵੇਗਾ। ਇਸ ਅਦਾਲਤੀ ਹੁਕਮ ਨੇ ਚੋਣ ਪ੍ਰਕਿਰਿਆ ਨੂੰ ਫਿਲਹਾਲ ਰੋਕ ਦਿੱਤਾ ਹੈ

# ਨਾਭਾ ਦੀ ਖੁੱਲ੍ਹੀ ਖੇਤੀਬਾੜੀ ਜੇਲ੍ਹ 'ਚ ਕੈਦੀਆਂ ਨੇ ਭੁੱਖ ਹੜਤਾਲ ਕੀਤੀ ਸ਼ੁਰੂ, ਜੇਲ੍ਹ ਸੁਪਰੀਡੈਂਟ ਸੁੱਚਾ ਸਿੰਘ ਤੇ ਲਗਾਏ ਗੰਭੀਰ ਆਰੋਪ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com




ਨਾਭਾ : ਪੰਜਾਬ ਦੀ ਇੱਕੋ-ਇੱਕ ਖੁੱਲ੍ਹੀ ਖੇਤੀਬਾੜੀ ਜੇਲ੍ਹ ਨਾਭਾ 'ਚ ਲਗਭ 33 ਕੈਦੀ ਨਜ਼ਰਬੰਦ ਹਨ। ਇਹ ਉਹ ਕੈਦੀ ਹਨ ਜਿਨ੍ਹਾਂ ਦਾ ਆਚਰਣ ਠੀਕ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਤੋਂ ਜੇਲ੍ਹ ਦੀ ਜ਼ਮੀਨ 'ਤੇ ਖੇਤੀਬਾੜੀ ਦਾ ਕੰਮ ਕਰਵਾਇਆ ਜਾਂਦਾ ਹੈ। ਇਨ੍ਹਾਂ ਕੈਦੀਆਂ ਵੱਲੋਂ ਜੇਲ੍ਹ ਸੁਪਰਡੈਂਟ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ ਅਤੇ ਇਨ੍ਹਾਂ ਵੱਲੋਂ ਜੇਲ੍ਹ ਸੁਰਪੁਰਡੈਂਟ ਸੁੱਚਾ ਸਿੰਘ ਦੇ ਆਰੋਪ ਲਗਾਉਂਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਸਾਡੀਆਂ ਫਾਈਲਾਂ ਨਹੀਂ ਭੇਜੀਆਂ ਗਈਆਂ ਜੋ ਕਿ 26 ਜਨਵਰੀ ਨੂੰ ਸਾਡੀ ਕੈਦ ਦੀ ਰਿਹਾਈ 'ਚ ਕਟੌਤੀ ਹੋਣੀ ਸੀ, ਜਿਸ ਕਰਕੇ ਅਸੀਂ ਭੁੱਖ ਹੜਤਾਲ ਸ਼ੁਰੂ ਕੀਤੀ ਹੈ।

ਇਸ ਮੌਕੇ ਕੈਦੀਆਂ ਨੇ ਕਿਹਾ ਕਿ ਚੰਗੇ ਆਚਰਨ ਵਾਲੇ ਕੈਦੀਆਂ ਦੀਆਂ ਸਾਡੀਆਂ ਫਾਈਲਾਂ ਜੇਲ੍ਹ ਦੇ ਉਚ ਅਧਿਕਾਰੀਆਂ ਨੂੰ ਨਹੀਂ ਭੇਜੀਆਂ ਗਈਆਂ, ਜਿਸ ਕਰਕੇ ਹੁਣ ਸਾਡੀ ਰਿਹਾਈ 'ਚ ਅੜਚਨ ਪੈ ਰਹੀ ਹੈ। ਇਸ ਮੌਕੇ ਤੇ ਡੀ.ਆਈ.ਜੀ. ਜੇਲ੍ਹਾਂ ਦਲਜੀਤ ਰਾਣਾ ਨੇ ਕਿਹਾ ਕਿ ਮੈਂ ਕੈਦੀਆਂ ਨਾਲ ਮੀਟਿੰਗ ਕੀਤੀ ਹੈ ਉਨ੍ਹਾਂ ਦੀ ਜੋ ਸਮੱਸਿਆ ਸੀ ਉਸ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ ਅਤੇ ਫਿਲਹਾਲ ਉਨ੍ਹਾਂ ਨੇ ਭੁੱਖ ਹੜਤਾਲ ਬੰਦ ਕਰ ਦਿੱਤੀ ਹੈ।

# ਥਾਈਲੈਂਡ ਵਿੱਚ ਯਾਤਰੀ ਰੇਲਗੱਡੀ 'ਤੇ ਡਿੱਗੀ ਕਰੇਨ: 25 ਮੌਤਾਂ, 80 ਜ਼ਖਮੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com





ਥਾਈਲੈਂਡ ਵਿੱਚ ਬੁੱਧਵਾਰ ਨੂੰ ਇੱਕ ਕਰੇਨ 65 ਫੁੱਟ ਦੀ ਉਚਾਈ ਤੋਂ ਇੱਕ ਤੇਜ਼ ਰਫ਼ਤਾਰ ਯਾਤਰੀ ਰੇਲਗੱਡੀ 'ਤੇ ਡਿੱਗ ਗਈ, ਜਿਸ ਨਾਲ ਕਈ ਡੱਬਿਆਂ ਨੂੰ ਨੁਕਸਾਨ ਪਹੁੰਚਿਆ। ਬੀਬੀਸੀ ਦੇ ਅਨੁਸਾਰ, ਇਸ ਹਾਦਸੇ ਵਿੱਚ 25 ਲੋਕਾਂ ਦੀ ਮੌਤ ਹੋ ਗਈ। ਹੋਰ 80 ਯਾਤਰੀ ਜ਼ਖਮੀ ਹੋਏ, ਜਿਨ੍ਹਾਂ ਵਿੱਚੋਂ ਬਹੁਤਿਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਕਰੇਨ ਦੀ ਵਰਤੋਂ ਰੇਲਵੇ ਪੁਲ ਦੇ ਨਿਰਮਾਣ ਲਈ ਕੀਤੀ ਜਾ ਰਹੀ ਸੀ। ਹਾਦਸੇ ਸਮੇਂ, ਰੇਲਗੱਡੀ 'ਚ 195 ਲੋਕ ਸਵਾਰ ਸਨ। ਅਧਿਕਾਰੀਆਂ ਦੇ ਅਨੁਸਾਰ, ਇਨ੍ਹਾਂ ਵਿੱਚੋਂ ਜ਼ਿਆਦਾਤਰ ਯਾਤਰੀ ਸਕੂਲੀ ਵਿਦਿਆਰਥੀ ਸਨ। ਰੇਲਗੱਡੀ ਲਗਭਗ 120 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾ ਰਹੀ ਸੀ।

ਇਹ ਹਾਦਸਾ ਨਾਖੋਨ ਰਤਚਾਸੀਮਾ ਪ੍ਰਾਂਤ ਦੇ ਸਿੱਖੀਓ ਜ਼ਿਲ੍ਹੇ ਵਿੱਚ ਵਾਪਰਿਆ। ਰੇਲਗੱਡੀ ਰਾਜਧਾਨੀ ਬੈਂਕਾਕ ਤੋਂ ਉਬੋਨ ਰਤਚਾਥਨੀ ਜਾ ਰਹੀ ਸੀ। ਕਰੇਨ ਤਿੰਨ ਡੱਬਿਆਂ 'ਤੇ ਡਿੱਗੀ, ਜਿਨ੍ਹਾਂ ਵਿੱਚੋਂ ਦੋ ਵਿੱਚ ਸਭ ਤੋਂ ਵੱਧ ਯਾਤਰੀ ਸਵਾਰ ਸਨ। ਇਨ੍ਹਾਂ ਡੱਬਿਆਂ ਵਿੱਚ ਸਭ ਤੋਂ ਵੱਧ ਜਾਨੀ ਨੁਕਸਾਨ ਹੋਇਆ।

ਨਿਊਜ਼ ਵੈੱਬਸਾਈਟ ਨੇਸ਼ਨ ਥਾਈਲੈਂਡ ਦੇ ਅਨੁਸਾਰ, ਕਰੇਨ ਡਿੱਗ ਗਈ, ਜਿਸ ਕਾਰਨ ਡਰਾਈਵਰ ਬ੍ਰੇਕ ਨਹੀਂ ਲਗਾ ਸਕਿਆ। ਟੱਕਰ ਤੋਂ ਬਾਅਦ, ਕਰੇਨ ਦਾ ਮਲਬਾ ਕੋਚ 'ਤੇ ਡਿੱਗ ਪਿਆ, ਜਿਸ ਕਾਰਨ ਕਈ ਕੋਚ ਪਟੜੀ ਤੋਂ ਉਤਰ ਗਏ। ਡੱਬਿਆਂ ਦੇ ਪਟੜੀ ਤੋਂ ਉਤਰਦੇ ਹੀ ਉਨ੍ਹਾਂ ਵਿੱਚ ਅੱਗ ਲੱਗ ਗਈ।

# ਸੋਹਾਣਾ ਵਿਖੇ ਰਾਣਾ ਬਲਾਚੌਰੀਆਂ ਕਤਲ ਮਾਮਲੇ ਵਿਚ 3 ਹੋਰ ਮੁਲਜ਼ਮ ਕੀਤੇ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com



ਮੋਹਾਲੀ ਪੁਲਿਸ ਨੇ 15 ਦਸੰਬਰ 2025 ਨੂੰ ਸੋਹਾਣਾ ਵਿਖੇ ਕਬੱਡੀ ਟੂਰਨਾਮੈਂਟ ਦੌਰਾਨ ਹੋਏ ਕੰਵਰ ਦਿਗਵਿਜੈ ਸਿੰਘ ਉਰਫ਼ ਰਾਣਾ ਬਲਾਚੌਰੀਆ ਦੇ ਕਤਲ ਮਾਮਲੇ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਇਸ ਵਾਰਦਾਤ ਵਿੱਚ ਸ਼ਾਮਲ 3 ਮੁੱਖ ਦੋਸ਼ੀਆਂ ਨੂੰ ਕੋਲਕਾਤਾ ਦੇ ਹਾਵੜਾ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਦੋਸ਼ੀ: ਪੁਲਿਸ ਨੇ ਕਰਨ ਪਾਠਕ (ਅੰਮ੍ਰਿਤਸਰ), ਤਰਨਦੀਪ ਸਿੰਘ (ਲੁਧਿਆਣਾ) ਅਤੇ ਸੁਖਸ਼ੇਰਪਾਲ ਸਿੰਘ ਉਰਫ਼ ਅਕਾਸ਼ (ਤਰਨਤਾਰਨ) ਨੂੰ ਕਾਬੂ ਕੀਤਾ ਹੈ।

ਵਿਦੇਸ਼ੀ ਗੈਂਗਸਟਰਾਂ ਦਾ ਹੱਥ: ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮਾਂ ਨੇ ਵਿਦੇਸ਼ ਬੈਠੇ ਗੈਂਗਸਟਰਾਂ ਡੌਨੀ ਬੱਲ ਅਤੇ ਅਮਰਜੀਤ ਸਿੰਘ ਉਰਫ਼ ਖੱਬਾ ਦੇ ਇਸ਼ਾਰੇ 'ਤੇ ਵਾਰਦਾਤ ਨੂੰ ਅੰਜਾਮ ਦਿੱਤਾ ਹੈ।

ਕਤਲ ਦੀ ਸਾਜ਼ਿਸ਼: ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਰਾਣਾ ਬਲਾਚੌਰੀਆ ਦੇ ਕਤਲ ਦੀ ਯੋਜਨਾ ਅਕਤੂਬਰ 2025 ਵਿੱਚ ਹੀ ਬਣਾ ਲਈ ਗਈ ਸੀ।

ਪਹਿਲਾਂ ਹੋਈਆਂ ਗ੍ਰਿਫ਼ਤਾਰੀਆਂ: ਇਸ ਮਾਮਲੇ ਵਿਚ ਪੁਲਿਸ ਹੁਣ ਤੱਕ ਕਈ ਹੋਰ ਦੋਸ਼ੀਆਂ ਨੂੰ ਵੀ ਗ੍ਰਿਫ਼ਤਾਰ ਕਰ ਚੁੱਕੀ ਹੈ, ਜਦਕਿ ਇਕ ਦੋਸ਼ੀ ਹਰਪਿੰਦਰ ਸਿੰਘ ਪੁਲਿਸ ਮੁਕਾਬਲੇ ਵਿੱਚ ਮਾਰਿਆ ਜਾ ਚੁੱਕਾ ਹੈ।

ਪੁਲਿਸ ਅਨੁਸਾਰ ਵਾਰਦਾਤ ਵਿੱਚ ਸ਼ਾਮਲ ਅਦਿੱਤਿਆ ਕਪੂਰ ਉਰਫ਼ ਮੱਖਣ ਅਤੇ ਉਸ ਦੇ ਕੁਝ ਹੋਰ ਸਾਥੀਆਂ ਦੀ ਭਾਲ ਅਜੇ ਜਾਰੀ ਹੈ। ਫੜੇ ਗਏ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

ਐ ਸ . ਐ ਸ . ਪੀ . ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਸੀ.ਸੀ.ਟੀ.ਵੀ. ਫੁਟੇਜ ਅਤੇ ਤਕਨੀਕੀ ਜਾਂਚ ਦੀ ਮਦਦ ਨਾਲ ਇਹਨਾਂ ਦੋਸ਼ੀਆਂ ਨੂੰ ਟਰੇਸ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ।

# ਲੋਹੜੀ ਦੀ ਧੂਣੀ ਤੋਂ ਘਰ ਵਿਚ ਲੱਗੀ ਅੱਗ, ਪਿਤਾ ਤੇ ਅਪਾਹਜ ਧੀ ਦੀ ਜ਼ਿੰਦਾ ਸੜਨ ਨਾਲ ਮੌਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com





ਅੰਮ੍ਰਿਤਸਰ ਦੇ ਮਾਨਾ ਸਿੰਘ ਚੌਂਕ 'ਤੇ ਸਥਿਤ ਇੱਕ ਘਰ ਵਿੱਚ ਬੀਤੀ ਦੇਰ ਰਾਤ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਨਾਲ ਪਿਤਾ ਤੇ ਅਪਾਹਜ ਧੀ ਦੀ ਜ਼ਿੰਦਾ ਸੜਨ ਨਾਲ ਮੌਤ ਹੋ ਗਈ ਹੈ। ਮੁੱਢਲੀ ਜਾਂਚ ਵਿਚ ਅੱਗ ਲੱਗਣ ਦਾ ਕਾਰਨ ਲੋਹੜੀ ਦੇ ਤਿਉਹਾਰ ਮੌਕੇ ਜਗਾਈ ਗਈ ਧੂਣੀ ਵਿਚੋਂ ਨਿਕਲੀ ਚੰਗਿਆੜੀ ਦੱਸੀ ਜਾ ਰਹੀ ਹੈ।

ਅੱਗ ਲੱਗਣ ਸਮੇਂ ਘਰ ਦੇ ਅੰਦਰ ਕੁੱਲ ਪੰਜ ਲੋਕ ਸਨ। ਗੁਆਂਢੀਆਂ ਅਤੇ ਸਥਾਨਕ ਲੋਕਾਂ ਦੀ ਮਦਦ ਨਾਲ ਤਿੰਨ ਨੂੰ ਸੁਰੱਖਿਅਤ ਬਚਾ ਲਿਆ ਗਿਆ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ। ਲੋਕਾਂ ਅਨੁਸਾਰ ਘਰ ਵਿੱਚ ਵੱਡੀ ਮਾਤਰਾ ਵਿੱਚ ਰੁਮਾਲਾ ਸਾਹਿਬ ਰੱਖੇ ਹੋਏ ਸਨ, ਜਿਸ ਕਾਰਨ ਅੱਗ ਨੇ ਕੁਝ ਸਕਿੰਟਾਂ ਵਿੱਚ ਹੀ ਭਿਆਨਕ ਰੂਪ ਧਾਰਨ ਕਰ ਲਿਆ।

ਘਰ ਦੇ ਮਾਲਕ ਨੇ ਦੱਸਿਆ ਕਿ ਲੋਹੜੀ ਦੀ ਅੱਗ ਦੀ ਇੱਕ ਚੰਗਿਆੜੀ ਘਰ ਦੇ ਅੰਦਰ ਰੱਖੇ ਕੱਪੜਿਆਂ 'ਤੇ ਡਿੱਗੀ, ਜਿਸ ਨਾਲ ਅੱਗ ਲੱਗ ਗਈ। ਗੁਆਂਢੀਆਂ ਨੇ ਪਰਿਵਾਰ ਦੇ ਮੈਂਬਰਾਂ ਨੂੰ ਬਾਹਰ ਕੱਢਣ ਲਈ ਬਹੁਤ ਜੱਦੋ-ਜਹਿਦ ਕੀਤੀ, ਪਰ ਬਜ਼ੁਰਗ ਪਿਤਾ ਤੇ ਧੀ ਬਾਹਰ ਨਹੀਂ ਆ ਸਕੇ। ਦੇਰ ਰਾਤ ਲਗਭਗ 1 ਵਜੇ ਤੱਕ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ।

ਬੀ-ਡਵੀਜ਼ਨ ਪੁਲਿਸ ਸਟੇਸ਼ਨ ਦੇ ਸਟੇਸ਼ਨ ਹਾਊਸ ਅਫ਼ਸਰ (ਐਸਐਚਓ) ਬਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਇੱਕ ਅਪਾਹਜ ਲੜਕੀ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਪੂਰੀ ਜਾਂਚ ਕੀਤੀ ਜਾ ਰਹੀ ਹੈ। ਤੰਗ ਗਲੀ ਹੋਣ ਕਾਰਨ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਲਗਭਗ 100 ਮੀਟਰ ਦੂਰ ਖੜ੍ਹਾ ਕਰਨਾ ਪਿਆ, ਜਿਸ ਤੋਂ ਬਾਅਦ ਕਰਮਚਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ।

# ਅੰਮ੍ਰਿਤਸਰ ਦੇ ਸਰਕਾਰੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com



ਅੰਮ੍ਰਿਤਸਰ ਦੇ ਕਈ ਸਕੂਲਾਂ ਨੂੰ ਬੰਬ ਦੀ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਹ ਧਮਕੀ ਅੰਮ੍ਰਿਤਸਰ ਦੇ ਮੇਹਰਬਾਨਪੁਰਾ ਪਿੰਡ ਦੇ ਇੱਕ ਸਰਕਾਰੀ ਸਕੂਲ ਦੇ ਅਧਿਕਾਰਤ ਈਮੇਲ ਪਤੇ 'ਤੇ ਭੇਜੀ ਗਈ ਸੀ। ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ ਅਤੇ ਮੰਗ ਕੀਤੀ ਗਈ ਸੀ ਕਿ ਰਾਸ਼ਟਰੀ ਗੀਤ ਗਾਉਣਾ ਬੰਦ ਕੀਤਾ ਜਾਵੇ।

ਧਮਕੀ ਮਿਲਣ 'ਤੇ, ਸਕੂਲ ਪ੍ਰਸ਼ਾਸਨ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚੇ, ਸਕੂਲ ਦੇ ਕੰਪਲੈਕਸ ਨੂੰ ਘੇਰ ਲਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ। ਬੰਬ ਸਕੁਐਡ ਅਤੇ ਸਾਈਬਰ ਸੈੱਲ ਨੂੰ ਵੀ ਅਲਰਟ ਕਰ ਦਿੱਤਾ ਗਿਆ ਹੈ। ਪੁਲਿਸ ਈਮੇਲ ਦੀ ਜਾਂਚ ਕਰ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਧਮਕੀ ਕਿਸਨੇ ਅਤੇ ਕਿੱਥੋਂ ਭੇਜੀ ਹੈ।

ਦੱਸਿਆ ਜਾ ਰਿਹਾ ਹੈ ਕਿ ਅੱਜ ਪੰਜਾਬ ਵਿੱਚ ਸਰਕਾਰੀ ਸਕੂਲ ਦੁਬਾਰਾ ਖੁੱਲ੍ਹਣ ਦਾ ਪਹਿਲਾ ਦਿਨ ਹੈ। ਸੁਰੱਖਿਆ ਕਾਰਨਾਂ ਕਰਕੇ, ਸਕੂਲ ਕੰਪਲੈਕਸ ਖਾਲੀ ਕਰਵਾ ਲਿਆ ਗਿਆ ਅਤੇ ਸਾਰੇ ਬੱਚਿਆਂ ਨੂੰ ਸੁਰੱਖਿਅਤ ਘਰ ਭੇਜ ਦਿੱਤਾ ਗਿਆ। ਪ੍ਰਸ਼ਾਸਨ ਨੇ ਮਾਪਿਆਂ ਨੂੰ ਸ਼ਾਂਤ ਅਤੇ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਪੁਲਿਸ ਨੇ ਧਮਕੀ ਭੇਜਣ ਵਾਲੇ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ, ਅਤੇ ਨਿਗਰਾਨੀ ਜਾਰੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਸ ਸਮੇਂ ਕੋਈ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ, ਪਰ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਧਮਕੀ ਦੇਣ ਵਾਲੇ ਵਿਅਕਤੀ ਦੀ ਪਛਾਣ ਅਤੇ ਗ੍ਰਿਫ਼ਤਾਰੀ ਤੱਕ ਸਖ਼ਤ ਸੁਰੱਖਿਆ ਉਪਾਅ ਬਣਾਏ ਜਾਣਗੇ। ਇਸ ਮਾਮਲੇ ਦੀ ਜਾਂਚ ਜਾਰੀ ਹੈ, ਅਤੇ ਪ੍ਰਸ਼ਾਸਨ ਨੇ ਸਾਰੇ ਸਕੂਲਾਂ ਅਤੇ ਮਾਪਿਆਂ ਤੋਂ ਸਹਿਯੋਗ ਦੀ ਅਪੀਲ ਕੀਤੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

# 15 ਜਨਵਰੀ : ਭੈਣ ਕੁਮਾਰੀ ਮਾਇਆਵਤੀ - ਬਹੁਜਨ ਆਤਮ-ਸਨਮਾਨ, ਸੰਵਿਧਾਨਕ ਸੰਘਰਸ਼ ਅਤੇ ਸਮਾਨ ਭਵਿੱਖ ਦੀ ਆਸ

ਇੰਜੀ. ਹਰਦੀਪ ਸਿੰਘ ਚੁੰਬਰ



15 ਜਨਵਰੀ ਸਿਰਫ਼ ਇੱਕ ਜਨਮਦਿਨ ਨਹੀਂ, ਸਗੋਂ ਉਸ ਸੋਚ ਦਾ ਉਤਸਵ ਹੈ ਜੋ ਭਾਰਤੀ ਲੋਕਤੰਤਰ ਨੂੰ ਇਹ ਯਕੀਨ ਦਿਵਾਂਦੀ ਹੈ ਕਿ ਸੱਤਾ ਵੰਸ਼ ਤੋਂ ਨਹੀਂ, ਸੰਘਰਸ਼, ਸੰਗਠਨ ਅਤੇ ਸੰਵਿਧਾਨ ਤੋਂ ਪੈਦਾ ਹੁੰਦੀ ਹੈ। ਇਸ ਦਿਨ ਜਨਮੀ Kumari Mayawati ਬਹੁਜਨ ਸਮਾਜ ਦੀ ਉਸ ਆਸ ਦਾ ਪ੍ਰਤੀਕ ਹਨ—ਜਿਸ ਨੇ ਸਦੀਆਂ ਤੋਂ ਦਬੇ-ਕੁਚਲੇ ਲੋਕਾਂ ਨੂੰ ਆਪਣੀ ਆਵਾਜ਼, ਆਪਣੀ ਪਹਿਚਾਣ ਅਤੇ ਆਪਣਾ ਹੱਕ ਮੰਗਣ ਦਾ ਹੌਸਲਾ ਦਿੱਤਾ। Equality and Justice ਦੇ ਮੰਚ ਤੋਂ ਇਹ ਲੇਖ ਬਹਿਨਜੀ ਦੇ ਜੀਵਨ, ਵਿਚਾਰ ਅਤੇ ਭਵਿੱਖੀ ਦ੍ਰਿਸ਼ਟੀ ਨੂੰ ਸਮਰਪਿਤ ਹੈ—ਉਮੀਦ, ਆਤਮ-ਸਨਮਾਨ ਅਤੇ ਨਿਆਂ ਦੀ ਭਾਸ਼ਾ ਵਿੱਚ।

## ਸਧਾਰਣ ਘਰ ਤੋਂ ਅਸਧਾਰਣ ਇਰਾਦੇ

ਨਵੀਂ ਦਿੱਲੀ ਦੇ ਇੱਕ ਸਧਾਰਣ ਪਰਿਵਾਰ ਵਿੱਚ ਜਨਮੀ ਮਾਇਆਵਤੀ ਜੀ ਨੇ ਬਚਪਨ ਤੋਂ ਹੀ ਸਮਾਜਿਕ ਅਸਮਾਨਤਾਵਾਂ ਦਾ ਸਾਹਮਣਾ ਕੀਤਾ। ਉਸ ਸਮੇਂ ਧੀਆਂ ਦੀ ਪੜ੍ਹਾਈ ਆਸਾਨ ਨਹੀਂ ਸੀ, ਪਰ ਉਨ੍ਹਾਂ ਨੇ ਸਿੱਖਿਆ ਨੂੰ ਆਪਣੀ ਸਭ ਤੋਂ ਵੱਡੀ ਤਾਕਤ ਬਣਾਇਆ। ਬੀ.ਏ., ਬੀ.ਐਡ. ਅਤੇ ਐੱਲ.ਐੱਲ.ਬੀ.—ਇਹ ਡਿਗਰੀਆਂ ਸਿਰਫ਼ ਅਕਾਦਮਿਕ ਉਪਲਬਧੀਆਂ ਨਹੀਂ ਸਨ; ਇਹ ਉਸ ਸੰਘਰਸ਼ ਦੀ ਗਵਾਹੀ ਹਨ ਜਿਸ ਨੇ ਇੱਕ ਬਹੁਜਨ ਧੀ ਨੂੰ ਲੋਕਤੰਤਰ ਦੇ ਕੇਂਦਰ ਤੱਕ ਪਹੁੰਚਾਇਆ। ਜਦੋਂ ਰਸਤੇ ਮੁਸ਼ਕਲ ਹੋਣ, ਤਦ ਸਪਸ਼ਟ ਲਕਸ਼ ਹੀ ਦਿਸ਼ਾ ਦਿਖਾਉਂਦਾ ਹੈ—ਇਹ ਸਬਕ ਬਹਿਨਜੀ ਦੇ ਜੀਵਨ ਤੋਂ ਮਿਲਦਾ ਹੈ।

## ਅਧਿਆਪਿਕਾ ਤੋਂ ਨੇਤਰੀ : ਲੋਕਤੰਤਰ ਦੀ ਤਾਕਤ

ਇੱਕ ਸਮਾਂ ਸੀ ਜਦੋਂ ਮਾਇਆਵਤੀ ਜੀ ਦਿੱਲੀ ਦੀਆਂ ਝੁੱਗੀ-ਬਸਤੀਆਂ ਵਿੱਚ ਬੱਚਿਆਂ ਨੂੰ ਪੜ੍ਹਾਉਂਦੀਆਂ ਸਨ ਅਤੇ ਪ੍ਰਸ਼ਾਸਕੀ ਸੇਵਾਵਾਂ ਦੀ ਤਿਆਰੀ ਕਰ ਰਹੀਆਂ ਸਨ। ਉਸ ਦੌਰਾਨ ਬਹੁਜਨ ਅੰਦੋਲਨ ਦੇ ਪ੍ਰਣੇਤਾ ਮਾਨਯਵਰ ਕਾਂਸ਼ੀਰਾਮ ਨਾਲ ਹੋਈ ਮੁਲਾਕਾਤ ਨੇ ਜੀਵਨ ਦੀ ਦਿਸ਼ਾ ਬਦਲ ਦਿੱਤੀ। ਕਾਂਸ਼ੀਰਾਮ ਨੇ ਉਸ ਨੌਜਵਾਨ ਔਰਤ ਵਿੱਚ ਉਹ ਨੇਤ੍ਰਿਤਵ ਵੇਖਿਆ ਜੋ ਸੱਤਾ ਦੀ ਭਾਸ਼ਾ ਬਦਲ ਸਕੇ। ਇਹ ਭਾਰਤੀ ਲੋਕਤੰਤਰ ਦਾ ਚਮਤਕਾਰ ਹੈ—ਕਿ ਇੱਕ ਸਧਾਰਣ ਪਿਛੋਕੜ ਤੋਂ ਉੱਭਰੀ ਔਰਤ ਦੇਸ਼ ਦੀ ਸਭ ਤੋਂ ਪ੍ਰਭਾਵਸ਼ਾਲੀ ਬਹੁਜਨ ਨੇਤਰੀ ਬਣੀ।

## ਬਹੁਜਨ ਸਮਾਜ ਪਾਰਟੀ : ਰਾਜਨੀਤੀ ਤੋਂ ਵੱਧ ਇੱਕ ਚੇਤਨਾ

1984 ਵਿੱਚ ਬਹੁਜਨ ਸਮਾਜ ਪਾਰਟੀ ਦਾ ਗਠਨ ਸਿਰਫ਼ ਇੱਕ ਪਾਰਟੀ ਬਣਾਉਣ ਦੀ ਘਟਨਾ ਨਹੀਂ ਸੀ; ਇਹ ਡਾ. ਭੀਮਰਾਵ ਅੰਬੇਡਕਰ ਦੇ ਵਿਚਾਰਾਂ ਨੂੰ ਅਮਲ ਵਿੱਚ ਲਿਆਉਣ ਦੀ ਪ੍ਰਕਿਰਿਆ ਸੀ। ਦਲਿਤਾਂ, ਪਿੱਛੜਿਆਂ, ਆਦਿਵਾਸੀਆਂ, ਅਲਪਸੰਖਿਆਕਾਂ ਅਤੇ ਹਰ ਵੰਚਿਤ ਵਰਗ ਨੂੰ ਸੱਤਾ ਵਿੱਚ ਹਿੱਸੇਦਾਰੀ ਦਿਵਾਉਣਾ—ਇਹ ਪਾਰਟੀ ਦਾ ਮੂਲ ਉਦੇਸ਼ ਸੀ। ਮਾਇਆਵਤੀ ਜੀ ਨੇ ਇਸ ਅੰਦੋਲਨ ਨੂੰ ਸੰਗਠਨਾਤਮਕ ਮਜ਼ਬੂਤੀ ਦਿੱਤੀ, ਪਿੰਡ-ਪਿੰਡ ਤੱਕ ਸੰਵਿਧਾਨਕ ਚੇਤਨਾ ਪਹੁੰਚਾਈ ਅਤੇ ਬਹੁਜਨ ਸਮਾਜ ਨੂੰ ਰਾਜਨੀਤਿਕ ਤਾਕਤ ਵਿੱਚ ਤਬਦੀਲ ਕੀਤਾ।



## ਇਤਿਹਾਸਕ ਮੁੱਖ ਮੰਤਰੀ : ਸੰਵਿਧਾਨ ਦੀ ਜਿੱਤ

1995 ਵਿੱਚ ਉੱਤਰ ਪ੍ਰਦੇਸ਼ ਦੀ ਪਹਿਲੀ ਦਲਿਤ ਮਹਿਲਾ ਮੁੱਖ ਮੰਤਰੀ ਬਣਨਾ ਸਿਰਫ਼ ਅਹੁਦਾ ਸੰਭਾਲਣਾ ਨਹੀਂ ਸੀ; ਇਹ ਸੰਵਿਧਾਨ ਦੀ ਆਤਮਾ ਦੀ ਜਿੱਤ ਸੀ। ਚਾਰ ਕਾਰਜਕਾਲਾਂ ਦੌਰਾਨ ਮਾਇਆਵਤੀ ਜੀ ਨੇ ਸਾਬਤ ਕੀਤਾ ਕਿ ਸਮਾਜਿਕ ਨਿਆਂ ਅਤੇ ਮਜ਼ਬੂਤ ਪ੍ਰਸ਼ਾਸਨ ਇਕ-ਦੂਜੇ ਦੇ ਵਿਰੋਧੀ ਨਹੀਂ, ਸਗੋਂ ਪੂਰਕ ਹਨ। ਗਰੀਬਾਂ ਨੂੰ ਜ਼ਮੀਨ ਦੇ ਪੱਟੇ, ਪਿੰਡਾਂ ਵਿੱਚ ਸੜਕਾਂ, ਪਾਣੀ ਅਤੇ ਬਿਜਲੀ, ਸਿੱਖਿਆ ਅਤੇ ਸਿਹਤ ਸੰਸਥਾਵਾਂ ਦੀ ਸਥਾਪਨਾ—ਇਹ ਸਾਰੇ ਕਦਮ ਹੱਕਾਂ ਦੀ ਪਹਿਚਾਣ ਬਣੇ।

## ਸੁਸ਼ਾਸਨ : ਡਰ ਨਾਲ ਨਹੀਂ, ਨਿਆਂ ਨਾਲ

ਮਾਇਆਵਤੀ ਸਰਕਾਰ ਦਾ ਸੁਨੇਹਾ ਸਾਫ਼ ਸੀ—ਕਾਨੂੰਨ ਸਭ ਲਈ ਬਰਾਬਰ। ਅਪਰਾਧੀਆਂ ਅਤੇ ਮਾਫੀਆਵਾਂ 'ਤੇ ਕੜੀ ਕਾਰਵਾਈ, ਪੁਲਿਸ ਭਰਤੀ ਵਿੱਚ ਪਾਰਦਰਸ਼ਤਾ, ਅਧਿਕਾਰੀਆਂ ਦੀ ਜਵਾਬਦੇਹੀ ਅਤੇ ਸੰਵੇਦਨਸ਼ੀਲ ਸਮਿਆਂ ਵਿੱਚ ਸ਼ਾਂਤੀ ਕਾਇਮ ਰੱਖਣਾ—ਇਹ ਸਭ ਸੁਸ਼ਾਸਨ ਦੇ ਮਜ਼ਬੂਤ ਉਦਾਹਰਨ ਹਨ। ਸੁਸ਼ਾਸਨ ਸਿਰਫ਼ ਯੋਜਨਾਵਾਂ ਨਹੀਂ, ਸਗੋਂ ਲੋਕਾਂ ਦਾ ਵਿਸ਼ਵਾਸ ਵਾਪਸ ਲਿਆਉਣਾ ਵੀ ਹੁੰਦਾ ਹੈ।

## ਜ਼ਮੀਨ, ਸਿੱਖਿਆ ਅਤੇ ਮਾਣ : ਅਸਲ ਸਸ਼ਕਤੀਕਰਨ

ਬਹਿਨਜੀ ਦੀਆਂ ਨੀਤੀਆਂ ਦਾ ਕੇਂਦਰ ਅਸਲ ਸਸ਼ਕਤੀਕਰਨ ਸੀ। ਭੂਮਿਹੀਣਾਂ ਨੂੰ ਜ਼ਮੀਨ, ਦਲਿਤ ਬਹੁਲ ਪਿੰਡਾਂ ਵਿੱਚ ਵਿਕਾਸ ਯੋਜਨਾਵਾਂ, ਵਿਦਿਆਰਥੀਆਂ ਲਈ ਸਕਾਲਰਸ਼ਿਪਾਂ ਅਤੇ ਵਿਦਿਆਰਥਣਾਂ ਲਈ ਸਾਈਕਲ ਯੋਜਨਾਵਾਂ—ਇਹ ਸਾਰੇ ਕਦਮ ਇਸ ਗੱਲ ਦਾ ਸਬੂਤ ਹਨ ਕਿ ਸੱਤਾ ਨੂੰ ਸਮਾਜਿਕ ਬਦਲਾਅ ਲਈ ਕਿਵੇਂ ਵਰਤਿਆ ਜਾ ਸਕਦਾ ਹੈ। ਮੌਕਾ ਮਿਲੇ ਤਾਂ ਸਮਰੱਥਾ ਆਪਣੇ ਆਪ ਨਿਕਲ ਆਉਂਦੀ ਹੈ—ਇਹ ਸੋਚ ਬਹਿਨਜੀ ਦੀ ਰਾਜਨੀਤੀ ਦੀ ਨੀਂਹ ਹੈ।

## ਬਹੁਜਨ ਪ੍ਰਤੀਕਾਂ ਦੀ ਪੁਨਰਸਥਾਪਨਾ : ਇਤਿਹਾਸ ਨੂੰ ਦ੍ਰਿਸ਼ਟਿਮਾਨ ਕਰਨਾ

ਡਾ. ਅੰਬੇਡਕਰ, ਬੁੱਧ, ਸੰਤ ਰਵਿਦਾਸ, ਕਬੀਰ, ਜੋਤਿਬਾ ਫੂਲੇ, ਨਾਰਾਇਣ ਗੁਰੂ, ਸ਼ਾਹੂਜੀ ਮਹਾਰਾਜ ਅਤੇ ਕਾਂਸ਼ੀਰਾਮ—ਜਿਨ੍ਹਾਂ ਮਹਾਨ ਵਿਅਕਤੀਆਂ ਨੂੰ ਇਤਿਹਾਸ ਦੇ ਹਾਸ਼ੀਏ 'ਤੇ ਰੱਖਿਆ ਗਿਆ, ਮਾਇਆਵਤੀ ਜੀ ਨੇ ਉਨ੍ਹਾਂ ਨੂੰ ਸਰਵਜਨਿਕ ਯਾਦ ਦਾ ਹਿੱਸਾ ਬਣਾਇਆ। ਸਮਾਰਕ ਅਤੇ ਉੱਦਿਆਨ ਸਿਰਫ਼ ਢਾਂਚੇ ਨਹੀਂ; ਇਹ ਬਹੁਜਨ ਆਤਮ-ਸਨਮਾਨ ਦੀ ਘੋਸ਼ਣਾ ਹਨ। ਇਹ ਕਹਿੰਦੇ ਹਨ—ਅਸੀਂ ਵੀ ਇਤਿਹਾਸ ਹਾਂ, ਅਸੀਂ ਵੀ ਦੇਸ਼ ਦੀ ਰੂਹ ਹਾਂ।

## ਆਲੋਚਨਾ, ਵਿਵਾਦ ਅਤੇ ਸੰਵਿਧਾਨਕ ਭਰੋਸਾ

ਹਰ ਵੱਡੇ ਨੇਤ੍ਰਿਤਵ ਵਾਂਗ ਮਾਇਆਵਤੀ ਜੀ ਦੇ ਜੀਵਨ ਵਿੱਚ ਵੀ ਆਲੋਚਨਾ ਅਤੇ ਵਿਵਾਦ ਆਏ। ਦੋਸ਼ ਲੱਗੇ, ਜਾਂਚਾਂ ਹੋਈਆਂ, ਪਰ ਉਨ੍ਹਾਂ ਨੇ ਹਮੇਸ਼ਾ ਸੰਵਿਧਾਨ ਅਤੇ ਅਦਾਲਤਾਂ 'ਤੇ ਭਰੋਸਾ ਕੀਤਾ। ਲੋਕਤੰਤਰ ਵਿੱਚ ਨਿਆਂ ਦਾ ਰਸਤਾ ਕਦੇ-ਕਦੇ ਲੰਮਾ ਹੁੰਦਾ ਹੈ, ਪਰ ਸੱਚ ਅਤੇ ਸੰਵਿਧਾਨਕ ਧੀਰਜ ਆਖ਼ਰਕਾਰ ਜਿੱਤਦੇ ਹਨ—ਇਹ ਸਬਕ ਬਹਿਨਜੀ ਦੇ ਸੰਘਰਸ਼ ਤੋਂ ਮਿਲਦਾ ਹੈ।

## ਨਾਰੀ ਸ਼ਕਤੀ : ਰਾਜਨੀਤੀ ਵਿੱਚ ਨਵਾਂ ਅਧਿਆਇ

ਇੱਕ ਦਲਿਤ ਮਹਿਲਾ ਦਾ ਚਾਰ ਵਾਰ ਮੁੱਖ ਮੰਤਰੀ ਬਣਨਾ ਭਾਰਤੀ ਮਹਿਲਾਵਾਂ ਲਈ ਇਤਿਹਾਸਕ ਪ੍ਰੇਰਣਾ ਹੈ। ਬਹਿਨਜੀ ਨੇ ਸਾਬਤ ਕੀਤਾ ਕਿ ਨੇਤ੍ਰਿਤਵ ਲਿੰਗ ਨਾਲ ਨਹੀਂ, ਸੋਚ ਅਤੇ ਹੌਂਸਲੇ ਨਾਲ ਜੁੜਿਆ ਹੁੰਦਾ ਹੈ। ਉਨ੍ਹਾਂ ਦੀ ਯਾਤਰਾ ਹਰ ਉਸ ਧੀ ਲਈ ਸੰਦੇਸ਼ ਹੈ ਜੋ ਵੱਡੇ ਸੁਪਨੇ ਵੇਖਦੀ ਹੈ—ਰਸਤਾ ਮੁਸ਼ਕਲ ਹੋ ਸਕਦਾ ਹੈ, ਪਰ ਅਸੰਭਵ ਨਹੀਂ।

## ਨੌਜਵਾਨਾਂ ਲਈ ਸੰਦੇਸ਼ : ਸਿੱਖਿਆ, ਸੰਗਠਨ, ਸੰਘਰਸ਼

ਅੱਜ ਦਾ ਨੌਜਵਾਨ ਸਨਮਾਨ, ਰੋਜ਼ਗਾਰ ਅਤੇ ਬਰਾਬਰੀ ਚਾਹੁੰਦਾ ਹੈ। ਮਾਇਆਵਤੀ ਜੀ ਦਾ ਸੰਦੇਸ਼ ਸਪਸ਼ਟ ਹੈ—ਸਿੱਖਿਆ ਹਾਸਲ ਕਰੋ, ਸੰਗਠਿਤ ਹੋਵੋ ਅਤੇ ਸ਼ਾਂਤ ਪਰ ਦ੍ਰਿੜ ਸੰਘਰਸ਼ ਕਰੋ। ਲੋਕਤੰਤਰਕ ਬਦਲਾਅ ਤਦ ਹੀ ਸਥਾਈ ਹੁੰਦਾ ਹੈ ਜਦੋਂ ਉਹ ਸੰਵਿਧਾਨਕ ਰਸਤੇ ਨਾਲ ਆਵੇ।

## ਭਵਿੱਖ ਦੀ ਦ੍ਰਿਸ਼ਟੀ : ਬਹੁਜਨ ਏਕਤਾ ਅਤੇ ਸੰਵਿਧਾਨ

ਅੱਜ ਜਦੋਂ ਲੋਕਤੰਤਰ, ਸੰਵਿਧਾਨ ਅਤੇ ਸਮਾਜਿਕ ਸਮਾਨਤਾ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ, ਮਾਇਆਵਤੀ ਜੀ ਦਾ ਜੀਵਨ ਸਾਨੂੰ ਯਾਦ ਦਿਵਾਂਦਾ ਹੈ ਕਿ ਬਹੁਜਨ ਏਕਤਾ, ਸੰਵਿਧਾਨਕ ਮੁੱਲ ਅਤੇ ਦ੍ਰਿੜ ਇਰਾਦੇ ਨਾਲ ਹੀ ਭਵਿੱਖ ਸੁਰੱਖਿਅਤ ਹੋ ਸਕਦਾ ਹੈ। ਉਨ੍ਹਾਂ ਦਾ ਸੰਘਰਸ਼ ਅਤੀਤ ਦੀ ਕਹਾਣੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਤਿਆਰੀ ਹੈ।

## ਸੰਘਰਸ਼ ਤੋਂ ਉਮੀਦ ਤੱਕ

15 ਜਨਵਰੀ ਨੂੰ Equality and Justice, Patiala ਇਹ ਸੰਕਲਪ ਦੁਹਰਾਉਂਦਾ ਹੈ ਕਿ ਬਹੁਜਨ ਸਮਾਜ ਦੀ ਆਵਾਜ਼ ਹੋਰ ਮਜ਼ਬੂਤ ਹੋਵੇਗੀ, ਸੰਵਿਧਾਨ ਜੀਵੰਤ ਰਹੇਗਾ ਅਤੇ ਭਾਰਤ ਦਾ ਭਵਿੱਖ ਨਿਆਂ, ਬਰਾਬਰੀ ਅਤੇ ਮਾਣ 'ਤੇ ਅਧਾਰਿਤ ਹੋਵੇਗਾ।

ਬਹਿਨ ਕੁਮਾਰੀ ਮਾਇਆਵਤੀ ਨੂੰ ਜਨਮਦਿਨ ਦੀਆਂ ਦਿਲੋਂ ਵਧਾਈਆਂ—ਤੁਹਾਡਾ ਸੰਘਰਸ਼ ਸਾਡੀ ਆਸ ਹੈ।

# ਆਮ ਆਦਮੀ ਪਾਰਟੀ ਵਲੋਂ ਸਿੱਖ ਸੰਸਥਾਵਾਂ 'ਤੇ ਹਮਲੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦੇਣਾ ਬਰਦਾਸ਼ਤ ਨਹੀਂ - ਖੁਰਾਣਾ/ਚੰਦੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com



ਫਗਵਾੜਾ 14 ਜਨਵਰੀ (ਸ਼ਿਵ ਕੌੜਾ) ਸ਼੍ਰੋਮਣੀ ਅਕਾਲੀ ਦਲ (ਬ) ਨੇ ਸੂਬੇ ਦੀ ਭਗਵੰਤ ਮਾਨ ਸਰਕਾਰ ਅਤੇ ਆਮ ਆਦਮੀ ਪਾਰਟੀ ਸਮੇਤ ਵਿਰੋਧੀ ਧਿਰਾਂ 'ਤੇ ਦੋਸ਼ ਲਗਾਇਆ ਹੈ ਕਿ ਪਿਛਲੇ ਕਾਫ਼ੀ ਸਮੇਂ ਤੋਂ ਸੱਤਾਧਾਰੀ ਸਰਕਾਰਾਂ ਵੱਲੋਂ ਸਿੱਖ ਕੌਮ ਦੀਆਂ ਧਾਰਮਿਕ ਅਤੇ ਖੁਦਮੁਖ਼ਤਿਆਰ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਨਿਰੰਤਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਨੂੰ ਸਿਰਫ਼ ਰਾਜਨੀਤਿਕ ਲਾਭ ਲਈ ਵਰਤਿਆ ਜਾ ਰਿਹਾ ਹੈ, ਜੋ ਬਹੁਤ ਨਿੰਦਣਯੋਗ ਹੈ। ਸ਼੍ਰੋਮਣੀ ਅਕਾਲੀ ਦਲ (ਬ) ਦੇ ਵਿਧਾਨਸਭਾ ਹਲਕਾ ਫਗਵਾੜਾ ਸ਼ਹਿਰੀ ਇੰਚਾਰਜ ਸਰਦਾਰ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ ਨੇ ਜਿਲ੍ਹਾ ਪ੍ਰਧਾਨ ਸ. ਜਰਨੈਲ ਸਿੰਘ ਵਾਹਦ ਦੀ ਹਾਜਰੀ 'ਚ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਭਾਈ ਈਸ਼ਰ ਸਿੰਘ ਕਮੇਟੀ ਦੀ ਰਿਪੋਰਟ ਵਿੱਚ ਕਿਤੇ ਵੀ ਇਹ ਨਹੀਂ ਲਿਖਿਆ ਕਿ ਪਾਵਨ ਸਰੂਪ ਚੋਰੀ ਹੋਏ ਜਾਂ ਬੇਅਦਬੀ ਕੀਤੀ ਗਈ। ਰਿਪੋਰਟ ਵਿੱਚ ਸਾਫ਼ ਦਰਜ ਹੈ ਕਿ ਕੁਝ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਇਹ ਪਾਵਨ ਸਰੂਪ ਸੰਗਤਾਂ ਨੂੰ ਦਿੱਤੇ ਗਏ, ਪਰ ਨਾ ਤਾਂ ਉਨ੍ਹਾਂ ਦੀ ਬਣਦੀ ਭੇਟਾ ਟਰੱਸਟ ਫੰਡ ਵਿੱਚ ਜਮਾ ਕਰਵਾਈ ਗਈ ਅਤੇ ਨਾ ਹੀ ਉਨ੍ਹਾਂ ਦੇ ਬਿੱਲ ਕੱਟੇ ਗਏ। ਇਸ ਤੱਥ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ ਹੈ। ਉਹਨਾਂ ਨੇ ਦੋਸ਼ ਲਗਾਇਆ ਕਿ ਅਸਲ ਬੇਅਦਬੀਆਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀਆਂ ਜਾ ਰਹੀਆਂ ਹਨ। ਚਾਹੇ ਉਹ ਸ਼ਰਾਬ ਵਾਲੀ ਵੀਡੀਓ ਹੋਵੇ ਜਾਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਬੇਅਦਬੀ—ਇਹ ਸਾਰੀਆਂ ਕਰਤੂਤਾਂ ਬਿਲਕੁਲ ਖਿਮਾ ਯੋਗ ਨਹੀਂ ਹਨ। ਪਾਰਟੀ ਨੇ ਸਵਾਲ ਉਠਾਇਆ ਕਿ ਜੋ ਮੁੱਖ ਮੰਤਰੀ ਗੁਰੂ ਦੀ ਗੋਲਕ ਦਾ ਹਿਸਾਬ ਮੰਗਦਾ ਹੈ, ਉਹ ਆਪਣੀ ਸਰਕਾਰ ਦੇ ਦੌਰਾਨ ਹੋਈ ਕਰੋੜਾਂ ਰੁਪਏ ਦੀ ਲੁੱਟ 'ਤੇ ਚੁੱਪ ਕਿਉਂ ਹੈ? ਅਕਾਲੀ ਆਗੂਆਂ ਨੇ ਤਿੱਖੇ ਲਹਿਜੇ ਵਿੱਚ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵੰਗਾਰਨਾ, ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਮਾਨ-ਸਨਮਾਨ ਨੂੰ ਠੇਸ ਪਹੁੰਚਾਉਣਾ ਅਤੇ ਭੱਦੀ ਸ਼ਬਦਾਵਲੀ ਵਰਤਣਾ, ਸਿੱਖ ਮਰਯਾਦਾ ਦੀ ਸਿੱਧੀ ਉਲੰਘਣਾ ਹੈ। ਤਲਬ ਹੋਣ 'ਤੇ ਸ਼ਰਤਾਂ ਰੱਖਣਾ ਅਤੇ 'ਲਾਈਵ' ਕਰਨ ਦੀ ਜ਼ਿੱਦ ਕਰਨਾ ਸੱਤਾ ਦੇ ਹੰਕਾਰ ਦਾ ਪ੍ਰਗਟਾਵਾ ਹੈ। ਖੁਰਾਣਾ ਅਤੇ ਚੰਦੀ ਨੇ ਆਮ ਆਦਮੀ ਪਾਰਟੀ ਨੂੰ ਬੇਅਦਬੀਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ 2014 ਵਿੱਚ ਜਦੋਂ ਆਪ ਪਾਰਟੀ ਪੰਜਾਬ ਵਿੱਚ ਦਾਖਲ ਹੋਈ ਤਾਂ ਉਸ ਤੋਂ ਬਾਅਦ ਬੇਅਦਬੀਆਂ ਦੀ ਲੜੀ ਸ਼ੁਰੂ ਹੋਈ। 2016 ਵਿੱਚ ਮਲੇਰਕੋਟਲਾ 'ਚ ਕੁਰਾਨ ਸ਼ਰੀਫ ਦੀ ਬੇਅਦਬੀ ਦੇ ਮਾਮਲੇ ਵਿੱਚ ਆਪ ਦੇ ਦਿੱਲੀ ਦੇ ਵਿਧਾਇਕ ਨਰੇਸ਼ ਯਾਦਵ ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ, ਜਿਸਦਾ ਕੇਸ ਆਪ ਦੇ ਮੰਤਰੀਆਂ ਹਰਪਾਲ ਚੀਮਾ ਅਤੇ ਹਰਜੋਤ ਸਿੰਘ ਬੈਂਸ ਵੱਲੋਂ ਲੜਿਆ ਗਿਆ। ਇਸਦੇ ਬਾਵਜੂਦ ਸਰਕਾਰ ਨੇ ਕੇਸ ਵਾਪਸ ਲੈਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਅਦਾਲਤ ਨੇ ਨਾ ਮੰਨਜੂਰ ਕਰਦਿਆਂ ਦੋਸ਼ੀ ਆਪ ਆਗੂ ਨਰੇਸ਼ ਯਾਦਵ ਨੂੰ ਸਜਾ ਸੁਣਾਈ। ਅਕਾਲੀ ਆਗੂਆਂ ਨੇ ਦਾਅਵਾ ਕੀਤਾ ਕਿ ਪਿਛਲੇ ਚਾਰ ਸਾਲਾਂ ਵਿੱਚ 100 ਤੋਂ ਵੱਧ ਬੇਅਦਬੀਆਂ ਹੋਈਆਂ ਹਨ। ਸੁਲਤਾਨਪੁਰ ਲੋਧੀ ਵਿਖੇ ਗੁਰੂ ਘਰ 'ਚ ਪੁਲਿਸ ਵਲੋਂ ਗੋਲੀਆਂ ਚਲਾਉਣ, ਸ੍ਰੀ ਅਖੰਡ ਪਾਠ ਸਾਹਿਬ ਖੰਡਿਤ ਹੋਣ ਵਰਗੀਆਂ ਘਟਨਾਵਾਂ ਦੇ ਬਾਵਜੂਦ ਕੋਈ ਢੁੱਕਵੀਂ ਕਾਰਵਾਈ ਨਾ ਕਰਨਾ, ਭਾਈ ਈਸ਼ਰ ਸਿੰਘ ਰਿਪੋਰਟ ਵਿੱਚ ਦਰਜ ਮੁੱਖ ਦੋਸ਼ੀ ਜਸਪ੍ਰੀਤ ਸਿੰਘ ਨੂੰ ਆਮ ਆਦਮੀ ਪਾਰਟੀ ਵੱਲੋਂ ਅਹਿਮ ਅਹੁਦਿਆਂ 'ਤੇ ਬਰਕਰਾਰ ਰੱਖਣਾ, ਸਰਕਾਰ ਦੀ ਨੀਅਤ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਉਭਰ ਰਹੀ ਤਾਕਤ ਤੋਂ ਬੌਖਲਾਈ ਆਪ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਦਖ਼ਲ ਦੇਣ ਲਈ ਐਸ.ਆਈ.ਟੀ. ਦਾ ਗਠਨ ਕੀਤਾ ਹੈ। ਇਸ ਐਸ.ਆਈ.ਟੀ. ਦਾ ਇਕੋ ਮਕਸਦ ਆਮ ਆਦਮੀ ਪਾਰਟੀ ਦੇ ਸਿਆਸੀ ਏਜੰਡੇ ਤਹਿਤ ਸ. ਸੁਖਬੀਰ ਸਿੰਘ ਬਾਦਲ ਨੂੰ ਝੂਠੇ ਮਾਮਲਿਆਂ ਵਿੱਚ ਫਸਾਉਣਾ ਹੈ। ਉਹਨਾਂ ਨੇ ਚਿਤਾਵਨੀ ਦਿੱਤੀ ਕਿ ਸ. ਸੁਖਬੀਰ ਸਿੰਘ ਬਾਦਲ ਕਿਸੇ ਵੀ ਤਰ੍ਹਾਂ ਦੀਆਂ ਗਿੱਦੜ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ। ਪੰਜਾਬੀਆਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਅਕਾਲੀ ਦਲ ਇਸ ਨਾਕਾਮ ਸਰਕਾਰ ਦਾ ਡਟ ਕੇ ਮੁਕਾਬਲਾ ਕਰੇਗਾ ਅਤੇ ਇਸਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆ ਕੇ ਰਹੇਗਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।

## * ਸਿਆਸੀ ਤਾਕਤ ਚੋਣਾਂ ਰਾਹੀਂ ਹੀ ਹਾਸਲ ਕੀਤੀ ਜਾ ਸਕਦੀ ਹੈ।

ਮੁੰਬਈ ਪ੍ਰੋਵਿੰਸ਼ੀਅਲ ਸ਼ਡਿਊਲਡ ਕਾਸਟਸ ਫੈਡਰੇਸ਼ਨ ਦਾ ਪਹਿਲਾ ਸੈਸ਼ਨ 29 ਅਤੇ 30 ਨਵੰਬਰ, 1945 ਨੂੰ ਗੁਜਰਾਤ ਦੇ ਪ੍ਰਸਿੱਧ ਇਤਿਹਾਸਕ ਸ਼ਹਿਰ ਅਹਿਮਦਾਬਾਦ, ਗਾਂਧੀ-ਵਲਭਭਾਈ ਦੇ ਰਾਜ ਵਿੱਚ ਸਾਬਰਮਤੀ ਦੇ ਕਿਨਾਰੇ ਲਾਲ ਗੇਟ ਕੋਲ ਬਣੇ ਬੁੱਧ ਨਗਰ ਵਿੱਚ ਬੜੇ ਉਤਸ਼ਾਹ ਨਾਲ ਸਫਲਤਾਪੂਰਵਕ ਸੰਪੰਨ ਹੋਇਆ।



। 30 ਨਵੰਬਰ ਦੇ ਇਸ ਇਤਿਹਾਸਕ ਸਮਾਗਮ ਵਿੱਚ ਭਾਰਤੀ ਅਛੂਤਾਂ ਦੇ ਮਹਾਨ ਆਗੂ ਡਾ: ਬਾਬਾ ਸਾਹਿਬ ਅੰਬੇਡਕਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਅਹਿਮਦਾਬਾਦ ਦੇ ਸਾਰੇ ਮਜ਼ਦੂਰਾਂ ਨੇ ਮਿੱਲਾਂ ਬੰਦ ਕਰ ਦਿੱਤੀਆਂ ਅਤੇ ਉਨ੍ਹਾਂ ਦਾ ਦਿਲੋਂ ਸਵਾਗਤ ਕੀਤਾ। ਅਤਿ ਮਾਣ ਵਾਲੀ ਗੱਲ ਵਿਸ਼ੇਸ਼ ਜ਼ਿਕਰ ਦੀ ਹੱਕਦਾਰ ਹੈ। ਅਹਿਮਦਾਬਾਦ ਸਟੇਸ਼ਨ 'ਤੇ ਸਵੇਰੇ 5 ਵਜੇ ਤੋਂ ਹੀ ਉਨ੍ਹਾਂ ਦੇ ਸਵਾਗਤ ਲਈ ਲੋਕਾਂ ਦੀ ਭੀੜ ਮੌਜੂਦ ਸੀ। ਸਮਤਾ ਸੈਨਿਕ ਦਲ ਦੇ ਬਹਾਦਰ ਸਿਪਾਹੀ ਇਸ ਭੀੜ ਵਿੱਚ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਲਈ ਯਤਨਸ਼ੀਲ ਸਨ। ਬਹੁਤ ਸਾਰੀਆਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਸੁਆਗਤ ਕੀਤਾ ਗਿਆ। ਡਾ.ਬਾਬਾ ਸਾਹਿਬ ਡਾ. ਅੰਬੇਡਕਰ ਜੀ ਕੌਣ ਹਨ, 'ਉਹ ਦਲਿਤਾਂ ਦਾ ਭਗਵਾਨ ਹੈ', 'ਦਲਿਤ ਫੈਡਰੇਸ਼ਨ ਦੀ ਜਿੱਤ ਹੋਵੇ', 'ਵੱਖਰਾ ਫਰੈਂਚਾਇਜ਼ੀ ਅਧਿਕਾਰ ਹਾਸਲ ਕਰੋ' ਵਰਗੇ ਨਾਅਰਿਆਂ ਨਾਲ ਅਹਿਮਦਾਬਾਦ ਦਾ ਪੂਰਾ ਮਾਹੌਲ ਗੂੰਜ ਰਿਹਾ ਸੀ। ਸਟੇਸ਼ਨ 'ਤੇ ਸਥਿਤ ਉਨ੍ਹਾਂ ਦੇ ਵਿਸ਼ੇਸ਼ ਸੈਲੂਨ 'ਚ ਕਮਿਊਨਿਸਟ ਪਾਰਟੀ, ਰੌਇਸਟ ਪਾਰਟੀ, ਹਿੰਦੂ ਮਹਾਸਭਾ ਆਦਿ ਪਾਰਟੀਆਂ ਦੇ ਨੇਤਾਵਾਂ ਅਤੇ ਕਈ ਪਤਵੰਤਿਆਂ ਨੇ ਉਨ੍ਹਾਂ ਦੀ ਇੰਟਰਵਿਊ ਲਈ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਉਨ੍ਹਾਂ ਦੇ ਆਉਣ ਨਾਲ ਅਹਿਮਦਾਬਾਦ ਸ਼ਹਿਰ ਦਾ ਮਾਹੌਲ ਬਹੁਤ ਹੀ ਉਤਸ਼ਾਹੀ ਹੋ ਗਿਆ। ਉਂਜ ਇਹ ਹੈਰਾਨੀ ਦੀ ਗੱਲ ਨਹੀਂ ਸਗੋਂ ਮਾਣ ਵਾਲੀ ਗੱਲ ਸੀ ਕਿ ਉਸੇ ਦਿਨ ਮੁੰਬਈ ਦੇ ਗਵਰਨਰ ਵੀ ਅਹਿਮਦਾਬਾਦ ਪਹੁੰਚ ਗਏ ਸਨ। ਖੱਦਰਧਾਰੀ ਕੋਈ ਦੇਸ਼ ਭਗਤ ਗਰਦਨ ਉੱਚਾ ਕਰਕੇ ਲੋਕਾਂ ਦੀ ਭੀੜ ਵਿੱਚੋਂ ਦੇਖ ਰਿਹਾ ਸੀ। ਇੱਕ ਕਿਸਾਨ ਜਿਸ ਨੇ ਬੜੀ ਮੁਸ਼ਕਲ ਨਾਲ ਭੀੜ ਵਿੱਚੋਂ ਆਪਣਾ ਰਸਤਾ ਬਣਾਇਆ ਸੀ, ਪੁੱਛਣ ਲੱਗਾ। ਗਾਂਧੀ ਟੋਪੀ ਪਹਿਨੇ ਇੱਕ ਵਿਅਕਤੀ ਨੇ ਉਸਨੂੰ ਜਵਾਬ ਦਿੱਤਾ, "ਰਾਜਪਾਲ ਸਾਹਿਬ ਆ ਗਏ ਸੇ।" ਮੇਰੇ ਗੁਆਂਢ ਵਿੱਚ ਖੜ੍ਹ ਕੇ ਦੂਰ-ਦੁਰਾਡੇ ਦੇ ਇੱਕ ਪਿੰਡ ਦੇ ਇੱਕ ਅਛੂਤ ਨੌਜਵਾਨ ਨੇ ਗਾਂਧੀ ਭਗਤ ਦੀ ਆਲੋਚਨਾ ਕਰਦਿਆਂ ਕਿਹਾ, ਬਾਬਾ ਅੰਬੇਦਕਰ ਨੂੰ ਕੋਈ ਅੰਨ੍ਹਾ-ਗੂੰਗਾ ਜਾਣਦਾ ਹੈ ਕਿ ਹਰ ਕੋਈ ਕੀ ਮੂਰਖ ਹੈ, ਮੈਂ ਉਸ ਤੋਂ ਇਹ ਤਿੱਖਾ ਜਵਾਬ ਸੁਣ ਕੇ ਸ਼ਰਮਿੰਦਾ ਹੋ ਗਿਆ, ਬਨੀਆ ਤੁਰੰਤ ਨਿਕਲ ਗਿਆ। ਸੂਬਾ ਪ੍ਰਧਾਨ ਸ੍ਰੀ ਗਾਇਕਵਾੜ ਅਤੇ ਆਲ ਇੰਡੀਆ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ੍ਰੀ ਰਾਜਭੋਜ ਨੇ ਇੱਛੁਕ ਲੋਕਾਂ ਨੂੰ ਆਪਣੇ ਆਗੂ ਦਾ ਸੰਦੇਸ਼ ਸੁਣਨ ਲਈ ਵੱਡੀ ਗਿਣਤੀ ਵਿੱਚ ਸਭਾ ਵਿੱਚ ਹਾਜ਼ਰੀ ਭਰਨ ਦੀ ਅਪੀਲ ਕੀਤੀ ਤਾਂ ਹਰ ਕੋਈ ਸ਼ਾਂਤਮਈ ਢੰਗ ਨਾਲ ਆਪੋ-ਆਪਣੇ ਘਰਾਂ ਤੋਂ ਚਲੇ ਆਏ । ਭਾਵੇਂ ਉਨ੍ਹਾਂ ਨੂੰ ਦੇਰ ਰਾਤ ਤੱਕ ਜਾਗਣਾ ਪਿਆ ਪਰ ਬਾਬਾ ਸਾਹਿਬ ਨੇ ਬਿਨਾਂ ਅਰਾਮ ਦੇ ਕਈ ਕਾਰਜ ਪੂਰੇ ਕੀਤੇ। ਸਵੇਰ ਤੋਂ ਸ਼ਾਮ ਤੱਕ ਕਈ ਪ੍ਰੋਗਰਾਮ ਕਰਵਾਏ ਗਏ। ਹਾਲਾਂਕਿ ਸਮੇਂ ਦੀ ਘਾਟ ਕਾਰਨ ਕਈ ਪ੍ਰੋਗਰਾਮ ਰੱਦ ਕਰਨੇ ਪਏ। ਦੁਪਹਿਰ ਬਾਅਦ ਰੱਖੜੀ ਰੋਡ ਦੇ ਮਜ਼ਦੂਰ ਚੌਂਕ ਵਿੱਚ।

ਡਾ: ਬਾਬਾ ਸਾਹਿਬ ਦੀ ਬੇਨਤੀ ਅਨੁਸਾਰ ਦਾਲਾਂ, ਚੌਲ ਅਤੇ ਸਬਜ਼ੀਆਂ ਦਾ ਸਾਦਾ ਭੋਜਨ ਹੀ ਤਿਆਰ ਕੀਤਾ ਗਿਆ। ਫੈਡਰੇਸ਼ਨ ਦੇ ਵਰਕਰ ਅਤੇ ਨੁਮਾਇੰਦੇ ਵੀ ਹਾਜ਼ਰ ਸਨ। ਖਾਣਾ ਖਾਣ ਤੋਂ ਬਾਅਦ ਗੁਜਰਾਤ ਦੇ ਵਰਕਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਅੰਤ ਵਿੱਚ, ਬਾਬਾ ਸਾਹਿਬ ਨੇ ਬਹੁਤ ਹੀ ਸਾਦੀ, ਸਰਲ ਗੁਜਰਾਤੀ ਭਾਸ਼ਾ ਵਿੱਚ, ਫੈਡਰੇਸ਼ਨ ਦੇ ਕੰਮ ਬਾਰੇ ਦੱਸਿਆ ਅਤੇ ਆਉਣ ਵਾਲੀਆਂ ਚੋਣਾਂ ਬਾਰੇ ਕੁਝ ਹਦਾਇਤਾਂ ਦਿੱਤੀਆਂ। ਉਥੋਂ ਉਹ ਤੁਰੰਤ ਅਹਿਮਦਾਬਾਦ ਨਗਰ ਪਾਲਿਕਾ ਦੇ ਸਨਮਾਨ ਪੱਤਰ ਸਮਾਰੋਹ ਵਿਚ ਗਏ। ਸਮਾਗਮ ਦੀ ਸਮਾਪਤੀ ਤੋਂ ਬਾਅਦ ਉਹ ਤੁਰੰਤ ਕੌਂਸਲ ਲਈ ਵਿਸ਼ੇਸ਼ ਤੌਰ 'ਤੇ ਬਣਾਏ ਗਏ ਬੁੱਧਾ ਨਗਰ ਵਿਖੇ ਗਏ। ਉੱਥੇ ਪਹੁੰਚਣ ਤੋਂ ਪਹਿਲਾਂ ਕਈ ਗੁਜਰਾਤੀ ਲੇਖਿਕਾਂ ਅਤੇ ਕਵੀਆਂ ਨੇ ਸਮਾਜਿਕ ਕ੍ਰਾਂਤੀ ਦੇ ਗੀਤ ਗਾ ਕੇ ਸਰੋਤਿਆਂ ਦਾ ਜੋਸ਼ ਭਰ ਦਿੱਤਾ ਸੀ। ਡਾ: ਬਾਬਾ ਸਾਹਿਬ ਦੇ ਪਹੁੰਚਣ 'ਤੇ ਲੋਕਾਂ ਨੇ ਤਾਰੀਫ਼ ਦੇ ਨਾਅਰਿਆਂ ਨਾਲ ਮਾਹੌਲ ਭਰ ਦਿੱਤਾ | ਰਿਸੈਪਸ਼ਨਿਸਟ ਮਿ. ਪੀ.ਐਮ. ਪਟਨੀ ਦੇ ਭਾਸ਼ਣ ਤੋਂ ਬਾਅਦ, ਜੈਕਾਰਿਆਂ ਅਤੇ ਤਾੜੀਆਂ ਦੇ ਵਿਚਕਾਰ, ਡਾ. ਬਾਬਾ ਸਾਹਿਬ ਭਾਸ਼ਣ ਦੇਣ ਲਈ ਖੜ੍ਹੇ ਹੋਏ। ਲਾਊਡ ਸਪੀਕਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ, ਜਿਸ ਕਰਕੇ ਬੁੱਧ ਨਗਰ ਦੇ ਵਿਸ਼ਾਲ ਵਿਹੜੇ ਵਿੱਚ ਫੈਲੀ ਭੀੜ ਨੇ ਸ਼ਾਂਤੀ ਅਤੇ ਸ਼ਰਧਾ ਨਾਲ ਉਨ੍ਹਾਂ ਦਾ ਭਾਸ਼ਣ ਸੁਣਿਆ।

ਬਾਬਾ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਕਿਹਾ,

ਭਰਾਵੋ ਅਤੇ ਭੈਣੋ,

ਸਪੀਕਰ ਨੇ ਮੈਨੂੰ ਗੁਜਰਾਤੀ ਵਿੱਚ ਬੋਲਣ ਦੀ ਬੇਨਤੀ ਕੀਤੀ ਹੈ। ਮੈਂ ਹਿੰਦੀ ਵਿੱਚ ਵਧੀਆ ਬੋਲ ਸਕਦਾ ਸੀ। ਮੈਂ ਗੁਜਰਾਤੀ ਵਿੱਚ ਵੀ ਬੋਲ ਸਕਦਾ ਹਾਂ ਪਰ ਮੈਂ ਇੱਥੇ ਕੁਝ ਗਲਤੀਆਂ ਹੋ ਸਕਦੀਆਂ ਹਨ। ਇਸ ਦੇ ਬਾਵਜੂਦ ਮੈਂ ਗੁਜਰਾਤੀ ਵਿੱਚ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਅੱਜ ਇੱਥੇ ਇਕੱਠੀ ਹੋਈ ਭੀੜ ਨੂੰ ਦੇਖ ਕੇ ਮੈਨੂੰ 1926 ਦਾ ਸਾਲ ਯਾਦ ਆ ਗਿਆ। ਮੈਂ ਇੱਥੇ ਅਛੂਤ ਵਿਦਿਆਰਥੀਆਂ ਦੇ ਬੋਰਡਿੰਗ ਦੇ ਕੰਮ ਦੇ ਸਬੰਧ ਵਿੱਚ ਆਇਆ ਹਾਂ। ਜਿਹੜੇ ਲੋਕ ਮੈਨੂੰ ਜਾਣਦੇ ਸਨ, ਉਨ੍ਹਾਂ ਨੇ ਮੈਨੂੰ ਮਿਲਣ ਅਤੇ ਮੀਟਿੰਗ ਕਰਨ ਲਈ ਬੇਨਤੀ ਕੀਤੀ ਸੀ। ਮੈਂ ਉਸ ਨੂੰ ਕਿਹਾ, ਇਹ ਸ਼ਹਿਰ ਕਾਂਗਰਸ ਦਾ ਮਾਇਕਾ (ਪੇਕਾ) ਹੈ। ਇੱਥੋਂ ਦੇ ਕਾਂਗਰਸੀ ਲੋਕ ਮੈਨੂੰ ਜਾਣਦੇ ਹਨ ਕਿ ਮੈਂ ਇੱਕ ਕਾਂਗਰਸ ਵਿਰੋਧੀ ਵਜੋਂ ਮਸ਼ਹੂਰ ਹਾਂ। ਹਾਲਾਂਕਿ ਉਨ੍ਹਾਂ ਲੋਕਾਂ ਦੀ ਬੇਨਤੀ ਨੂੰ ਦੇਖਦਿਆਂ ਮੈਂ ਮੀਟਿੰਗ ਵਿੱਚ ਹਾਜ਼ਰ ਹੋਣ ਅਤੇ ਬੋਲਣ ਲਈ ਸਹਿਮਤ ਹੋ ਗਿਆ।

ਮੀਟਿੰਗ ਦਾ ਆਯੋਜਨ ਇੱਥੇ ਇੱਕ ਵਿਸ਼ਾਲ ਆਡੀਟੋਰੀਅਮ ਵਿੱਚ ਕੀਤਾ ਗਿਆ। ਸਾਡੇ ਇੱਕ ਪੁਰਾਣੇ ਵਰਕਰ ਨੂੰ ਪ੍ਰਧਾਨ ਦਾ ਅਹੁਦਾ ਲੈਣ ਦੀ ਯੋਜਨਾ ਸੀ। ਮੈਂ ਆਪਣੇ ਤਜ਼ਰਬੇ ਦੇ ਆਧਾਰ 'ਤੇ ਇਸ ਮੀਟਿੰਗ ਵਿੱਚ ਗੱਲ ਕੀਤੀ ਸੀ। ਪ੍ਰਧਾਨ ਨੇ ਆਪਣੇ ਭਾਸ਼ਣ ਵਿੱਚ ਮੈਨੂੰ ਸਮਝਾਇਆ, "ਅਸੀਂ ਸਾਰੇ ਗਾਂਧੀ ਜੀ ਦੀ ਪਰਜਾ ਹਾਂ। ਅਸੀਂ ਗਾਂਧੀ ਜੀ ਦਾ ਪੱਖ ਨਹੀਂ ਛੱਡ ਸਕਦੇ। ਜੇਕਰ ਤੁਸੀਂ ਇਸ ਤਰ੍ਹਾਂ ਦੀ ਕੋਸ਼ਿਸ਼ ਕਰੋਗੇ ਤਾਂ ਇਹ ਸਹੀ ਨਹੀਂ ਹੋਵੇਗਾ।" ਉਸ ਦੇ ਇਹ ਸ਼ਬਦ ਮੈਨੂੰ ਚੰਗੀ ਤਰ੍ਹਾਂ ਯਾਦ ਹਨ। ਜੇਕਰ ਤੁਹਾਡੇ ਵਿੱਚੋਂ ਕੋਈ ਉਸ ਮੀਟਿੰਗ ਵਿੱਚ ਮੌਜੂਦ ਸੀ, ਤਾਂ ਉਹ ਵੀ ਇਸ ਦੀ ਪੁਸ਼ਟੀ ਕਰੇਗਾ। ਵੀਹ ਸਾਲ ਪਹਿਲਾਂ ਦਾ ਉਹ ਅਨੁਭਵ ਅਤੇ ਅੱਜ ਇਸ ਮੀਟਿੰਗ ਵਿੱਚ ਮੌਜੂਦ ਭੀੜ ਨੂੰ ਦੇਖ ਕੇ ਮੈਨੂੰ ਲੱਗਦਾ ਹੈ ਕਿ 'ਸੱਚ ਕਦੇ ਨਹੀਂ ਨਸ਼ਟ ਨਹੀਂ ਹੁੰਦਾ। ਜਲਦੀ ਹੀ ਜਾਂ ਬਾਅਦ ਵਿੱਚ ਉਹ ਬੇਨਕਾਬ ਹੋ ਜਾਂਦਾ ਹੈ। ਅੱਜ 1945 ਦਾ ਸਾਲ ਚੱਲ ਰਿਹਾ ਹੈ। ਇੱਥੇ ਇਕੱਠੀ ਹੋਈ ਭੀੜ ਨੂੰ ਦੇਖ ਕੇ ਲੱਗਦਾ ਹੈ ਕਿ ਕਾਂਗਰਸ ਦਾ ਕੇਂਦਰ ਰਹੇ ਇਸ ਅਹਿਮਦਾਬਾਦ ਸ਼ਹਿਰ ਵਿੱਚ ਅਛੂਤ ਲੋਕਾਂ ਨੇ ਕਾਂਗਰਸ ਦੇ ਵਿਰੋਧ ਦਾ ਸਾਹਮਣਾ ਕਰਨਾ ਸਾਬਤ ਕਰ ਦਿੱਤਾ ਹੈ। ਇਹ ਸੱਚ ਹੈ (ਤਾੜੀਆਂ) ਅੱਜ ਮੈਂ ਆਉਣ ਵਾਲੀਆਂ ਚੋਣਾਂ ਬਾਰੇ ਬੋਲਣ ਜਾ ਰਿਹਾ ਹਾਂ। ਮੈਂ ਕਿਸੇ 'ਤੇ ਟਿੱਪਣੀ ਨਹੀਂ ਕਰਨਾ ਚਾਹੁੰਦਾ ਪਰ ਅੱਜ ਮੈਂ ਇੱਥੇ ਇਹ ਦੱਸਣਾ ਜ਼ਰੂਰੀ ਮਹਿਸੂਸ ਕਰਦਾ ਹਾਂ। ਕਿ ਗਾਂਧੀ ਦੀ ਟੇਢੀ ਰਾਜਨੀਤੀ ਅਤੇ ਪਿਛਲੇ ਵੀਹ ਸਾਲਾਂ ਦੀ ਅਛੂਤ ਵਿਰੋਧੀ ਸਾਜ਼ਿਸ਼ਾਂ ਦਾ ਇਤਿਹਾਸ ਦੱਸਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ। ਕਿਉਂਕਿ ਇਸ ਤੋਂ ਬਿਨਾਂ ਤੁਸੀਂ ਮੇਰੀ ਗੱਲ ਦਾ ਅਰਥ ਨਹੀਂ ਸਮਝ ਸਕੋਗੇ। ਇਸ ਲਈ ਮੈਂ ਆਖਦਾ ਹਾਂ ਕਿ ਜੋ ਕੌੜਾ ਸੱਚ ਮੈਨੂੰ ਦੱਸਣਾ ਹੀ ਹੈ, ਉਹ ਤੁਹਾਨੂੰ ਉਦੋਂ ਹੀ ਸਮਝ ਆਵੇਗਾ, ਜਦੋਂ ਤੁਹਾਨੂੰ ਗਾਂਧੀ ਦੀ ਟੇਢੀ ਰਾਜਨੀਤੀ ਅਤੇ ਅਛੂਤਾਂ ਵਿਰੁੱਧ ਕੀਤੇ ਗਏ ਕੰਮਾਂ ਬਾਰੇ ਪਤਾ ਲੱਗੇਗਾ।

"ਇਕੁਐਲਿਟੀ ਐਂਡ ਜਸਟਿਸ"
"Equality and Justice"

ਕਿਹਾ ਜਾਂਦਾ ਹੈ ਕਿ ਗਾਂਧੀ ਅਛੂਤਾਂ ਦੇ ਮੁਕਤੀਦਾਤਾ ਹਨ। ਪਿਛਲੇ ਵੀਹ ਸਾਲਾਂ ਤੋਂ ਮੈਂ ਸੋਚ ਰਿਹਾ ਹਾਂ ਕਿ ਗਾਂਧੀ ਅਛੂਤਾਂ ਨੂੰ ਕਿਵੇਂ ਆਜ਼ਾਦ ਕਰੇਗਾ? ਕੀ ਉਹ ਸੱਚਮੁੱਚ ਇਹ ਚਾਹੁੰਦਾ ਹੈ? ਸਾਨੂੰ ਇਸ ਮਾਮਲੇ ਵੱਲ ਧਿਆਨ ਦੇਣਾ ਹੋਵੇਗਾ। ਜਦੋਂ



ਅਸੀਂ ਗੋਲਮੇਜ਼ ਪਰਿਸ਼ਦ ਵਿੱਚ ਹਿੱਸਾ ਲੈਣ ਗਏ ਤਾਂ ਗਾਂਧੀ ਨੇ ਐਲਾਨ ਕੀਤਾ ਸੀ ਕਿ ਛੂਤ-ਛਾਤ ਸਿਰਫ਼ ਸਮਾਜਿਕ ਸੁਧਾਰਾਂ ਰਾਹੀਂ ਹੀ ਸੰਭਵ ਹੈ ਨਾ ਕਿ ਸਿਆਸੀ ਤਰੱਕੀ ਰਾਹੀਂ। ਉਹ ਖੁਦ ਜਾਣਦਾ ਹੈ ਕਿ ਗਾਂਧੀ ਦੇ ਨਜ਼ਰੀਏ ਵਿੱਚ ਇਹ ਕਿਵੇਂ ਸੰਭਵ ਹੈ, ਪਰ ਮੇਰਾ ਪੱਕਾ ਵਿਸ਼ਵਾਸ ਹੈ ਕਿ ਸਿਆਸੀ ਅਧਿਕਾਰਾਂ ਤੋਂ ਬਿਨਾਂ ਤਰੱਕੀ ਅਸੰਭਵ ਹੈ। (ਤਾੜੀਆਂ). ਗਾਂਧੀ 1919 ਵਿੱਚ ਕਾਂਗਰਸ ਵਿੱਚ ਵਿਚ ਕਦਮ ਰੱਖਿਆ ਅਤੇ 1920 ਵਿਚ ਅਸਹਿਯੋਗ ਅੰਦੋਲਨ ਕੀਤਾ। ਉਸਨੇ ਬਾਰਡੋਲੀ ਦੇ ਸੱਤਿਆਗ੍ਰਹਿ ਵਿੱਚ ਲੱਖਾਂ ਰੁਪਏ ਇਕੱਠੇ ਕੀਤੇ ਅਤੇ ਐਲਾਨ ਕੀਤਾ ਕਿ ਉਹ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢ ਦੇਣਗੇ। ਫਿਰ ਉਸਨੇ ਇਹ ਵੀ ਐਲਾਨ ਕੀਤਾ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੀ ਏਕਤਾ ਅਤੇ ਛੂਤ-ਛਾਤ ਅਤੇ ਜਾਤੀਵਾਦ ਦੇ ਖਾਤਮੇ ਤੋਂ ਬਿਨਾਂ ਸਵਰਾਜ ਪ੍ਰਾਪਤ ਨਹੀਂ ਹੋਵੇਗਾ। ਪਰ, ਉਸਨੇ ਜਾਤ-ਪਾਤ ਅਤੇ ਛੂਤ-ਛਾਤ ਨੂੰ ਖਤਮ ਕਰਨ ਲਈ ਕੀ ਕੀਤਾ? ਗਾਂਧੀ ਅਤੇ ਕਾਂਗਰਸ ਨੇ ਇੱਕ ਛੋਟੀ ਕਮੇਟੀ ਦੀ ਸਥਾਪਨਾ ਦੁਆਰਾ ਛੂਤ-ਛਾਤ ਨੂੰ ਖਤਮ ਕਰਨ ਦਾ ਫੈਸਲਾ ਕੀਤਾ। ਪਰ ਉਸ ਕਮੇਟੀ ਨੇ ਕੁਝ ਨਹੀਂ ਕੀਤਾ ਅਤੇ ਕੰਮ ਅਧੂਰਾ ਛੱਡ ਦਿੱਤਾ। ਉਸ ਨੇ ਫਿਰ ਇਹ ਕੰਮ ਹਿੰਦੂ ਮਹਾਸਭਾ ਨੂੰ ਸੌਂਪ ਦਿੱਤਾ। ਹੋਰ ਕੰਮਾਂ 'ਤੇ ਲੱਖਾਂ ਰੁਪਏ ਖਰਚੇ ਗਏ ਪਰ ਛੂਤ-ਛਾਤ 'ਤੇ ਸਿਰਫ਼ 30 ਹਜ਼ਾਰ ਰੁਪਏ ਹੀ ਖਰਚੇ ਗਏ। ਇਹ ਕੰਮ ਉਸ ਦੀਆਂ ਨਜ਼ਰਾਂ ਵਿਚ ਬਹੁਤ ਮਹੱਤਵਪੂਰਨ ਹੈ। ਹੁਣ, ਮੇਰੀ ਹਾਲ ਹੀ ਵਿੱਚ ਪ੍ਰਕਾਸ਼ਿਤ ਕਿਤਾਬ (ਕਾਂਗਰਸ ਅਤੇ ਗਾਂਧੀ ਨੇ ਅਛੂਤਾਂ ਨਾਲ ਕੀ ਕੀਤਾ) ਵਿੱਚ, ਮੈਂ ਇਹਨਾਂ ਸਾਰੀਆਂ ਗੱਲਾਂ ਨੂੰ ਸਰਲ ਤਰੀਕੇ ਨਾਲ ਸਮਝਾਇਆ ਹੈ। 1920 ਅਤੇ 1932 ਦੇ ਵਿਚਕਾਰ, ਉਸਨੇ ਛੂਤ-ਛਾਤ ਦੇ ਖਾਤਮੇ ਦੀ ਮੰਗ ਤੋਂ ਇਲਾਵਾ ਕੁਝ ਨਹੀਂ ਕੀਤਾ। ਅਛੂਤਾਂ ਦੇ ਵੱਖਰੇ ਰਾਜਨੀਤਿਕ ਅਧਿਕਾਰਾਂ ਵਿਰੁੱਧ ਮੇਰੇ ਖਿਲਾਫ ਲੜਿਆ। ਅਛੂਤ ਵਰਗ ਨੂੰ ਹਿੰਦੂਆਂ ਤੋਂ ਵੱਖ ਕਰਨ ਨਾਲ ਹਿੰਦੂ ਕਮਜ਼ੋਰ ਨਾ ਹੋ ਜਾਣ, ਇਸ ਲਈ ਗਾਂਧੀ ਨੇ ਯਰਵੜਾ ਦੀ ਜੇਲ੍ਹ ਵਿਚ ਹੀ ਮਰਨ ਵਰਤ ਰੱਖਿਆ ਅਤੇ ਉਸ ਸਮੇਂ ਹੋਏ ਸਮਝੌਤੇ ਨਾਲ ਹਰੀਜਨ ਸੇਵਕ ਸੰਘ ਦਾ ਗਠਨ ਕੀਤਾ ਗਿਆ। ਇਸ ਸੰਘ ਨੇ ਉਦੋਂ ਤੋਂ 13 ਸਾਲਾਂ ਵਿੱਚ ਅਛੂਤਾਂ ਲਈ ਕੀ ਕੀਤਾ ਹੈ? ਮੈਂ ਇਹ ਸਵਾਲ ਜਨਤਕ ਤੌਰ 'ਤੇ ਪੁੱਛ ਰਿਹਾ ਹਾਂ। ਮੈਨੂੰ ਦੱਸੋ ਕਿ ਉਸਨੇ ਤੁਹਾਡੀ ਸਿੱਖਿਆ ਲਈ ਕਿਹੜਾ ਮਹਾਨ ਕੰਮ ਕੀਤਾ ਹੈ?

ਲੇਖ ਦਾ ਬਾਕੀ ਭਾਗ ਕਲ੍ਹ

# 'ਸੁਧਰ ਜਾਓ ਨਹੀਂ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ': ਟਰੰਪ ਦੀ ਇਰਾਨ ਨੂੰ ਸਖ਼ਤ ਚੇਤਾਵਨੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

ਇਰਾਨ ਵਿੱਚ ਵਧਦੇ ਜਨਤਕ ਵਿਰੋਧ ਪ੍ਰਦਰਸ਼ਨਾਂ ਅਤੇ ਹਿੰਸਾ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਤਹਿਰਾਨ ਨੂੰ ਸਖ਼ਤ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ। ਡਿਟਰੋਇਟ ਵਿੱਚ ਇੱਕ ਪ੍ਰੋਗਰਾਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਇਰਾਨੀ ਲੀਡਰਸ਼ਿਪ ਨੂੰ 'ਸਹੀ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।'

ਉਨ੍ਹਾਂ ਕਿਹਾ ਕਿ ਅਮਰੀਕਾ ਇਰਾਨ ਵਿੱਚ ਹੋ ਰਹੀਆਂ ਹੱਤਿਆਵਾਂ ਅਤੇ ਫਾਂਸੀ ਦੀਆਂ ਰਿਪੋਰਟਾਂ ਦੀ ਬਾਰੀਕੀ ਨਾਲ ਸਮੀਖਿਆ ਕਰ ਰਿਹਾ ਹੈ ਅਤੇ ਉਹ ਖੁਦ ਵਾਸ਼ਿੰਗਟਨ ਜਾ ਕੇ ਸਥਿਤੀ ਦਾ ਜਾਇਜ਼ਾ ਲੈਣਗੇ।

ਟਰੰਪ ਨੇ ਇਰਾਨੀ ਲੋਕਾਂ ਲਈ 'ਆਜ਼ਾਦੀ' ਦੀ ਇੱਛਾ ਜ਼ਾਹਰ ਕਰਦਿਆਂ ਕਿਹਾ ਕਿ ਉੱਥੇ ਦੇ ਲੋਕ ਲੰਬੇ ਸਮੇਂ ਤੋਂ ਨਰਕ ਵਰਗੀ ਜ਼ਿੰਦਗੀ ਜੀਅ



ਰਹੇ ਹਨ। ਉਨ੍ਹਾਂ ਪੁਰਾਣੇ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਇਰਾਨ ਕਦੇ ਨਿਵੇਸ਼ ਅਤੇ ਵਿਕਾਸ ਲਈ ਬਹੁਤ ਵਧੀਆ ਜਗ੍ਹਾ ਹੁੰਦੀ ਸੀ, ਪਰ ਹੁਣ ਹਾਲਾਤ ਬਹੁਤ ਖਰਾਬ ਹਨ।

ਜਦੋਂ ਉਨ੍ਹਾਂ ਤੋਂ ਇਰਾਨ ਵੱਲੋਂ ਜਵਾਬੀ ਕਾਰਵਾਈ ਦੀਆਂ ਧਮਕੀਆਂ ਬਾਰੇ ਪੁੱਛਿਆ ਗਿਆ, ਤਾਂ ਟਰੰਪ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਇਰਾਨ ਦੀਆਂ ਪ੍ਰਮਾਣੂ ਸਮਰੱਥਾਵਾਂ ਨੂੰ ਨਸ਼ਟ ਕੀਤਾ ਹੈ, ਇਸ ਲਈ ਉਨ੍ਹਾਂ ਲਈ ਭਲਾਈ ਇਸੇ ਵਿੱਚ ਹੈ ਕਿ ਉਹ ਆਪਣਾ ਰਵੱਈਆ ਸੁਧਾਰਨ।

ਦੂਜੇ ਪਾਸੇ, ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਸਪੱਸ਼ਟ ਕੀਤਾ ਹੈ ਕਿ ਹਾਲਾਂਕਿ ਡਿਪਲੋਮੇਸੀ ਅਮਰੀਕਾ ਦੀ ਪਹਿਲੀ ਤਰਜੀਹ ਹੈ ਪਰ ਹਵਾਈ ਹਮਲੇ (Air-strikes) ਸਮੇਤ ਕਈ ਹੋਰ ਸਖ਼ਤ ਵਿਕਲਪਾਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਟਰੰਪ ਨੇ ਇੱਕ ਵੱਡਾ ਆਰਥਿਕ ਫੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਜੋ ਵੀ ਦੇਸ਼ ਇਰਾਨ ਨਾਲ ਵਪਾਰ ਕਰੇਗਾ, ਉਸ ਨੂੰ ਅਮਰੀਕਾ ਨਾਲ ਹੋਣ ਵਾਲੇ ਵਪਾਰ 'ਤੇ 25 ਫੀਸਦੀ ਟੈਰਿਫ (ਟੈਕਸ) ਅਦਾ ਕਰਨਾ ਪਵੇਗਾ। ਇਹ ਕਦਮ ਇਰਾਨ ਨੂੰ ਆਰਥਿਕ ਤੌਰ 'ਤੇ ਅਲੱਗ-ਥਲੱਗ ਕਰਨ ਦੀ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਇਰਾਨ ਵਿੱਚ ਪਿਛਲੇ 17 ਦਿਨਾਂ ਤੋਂ ਚੱਲ ਰਹੇ ਇਨ੍ਹਾਂ ਪ੍ਰਦਰਸ਼ਨਾਂ ਨੇ ਹੁਣ ਦੇਸ਼ ਵਿਆਪੀ ਰੂਪ ਧਾਰ ਲਿਆ ਹੈ। ਰਿਪੋਰਟਾਂ ਅਨੁਸਾਰ, ਹੁਣ ਤੱਕ 505 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ 9 ਬੱਚੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 133 ਸੁਰੱਖਿਆ ਕਰਮਚਾਰੀ ਵੀ ਮਾਰੇ ਗਏ ਹਨ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ, ਇਹ ਪ੍ਰਦਰਸ਼ਨ 187 ਸ਼ਹਿਰਾਂ ਤੱਕ ਫੈਲ ਚੁੱਕੇ ਹਨ, ਜਿਸ ਕਾਰਨ ਕੌਮਾਂਤਰੀ ਪੱਧਰ 'ਤੇ ਚਿੰਤਾ ਵਧ ਗਈ ਹੈ ਅਤੇ ਇਰਾਨੀ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਬਾਅ ਲਗਾਤਾਰ ਵਧ ਰਿਹਾ ਹੈ।

# ਮਾਘੀ ਦੇ ਜੋੜ ਮੇਲ ਤੇ ਲਗਾਇਆ ਦਸਤਾਰ ਕੈਂਪ. ਅੱਠਵਾਂ ਫਰੀ ਦਸਤਾਰ ਸਿਖਲਾਈ ਕੈਂਪ ਰਿਹਾ ਸਫਲ -ਜਸਵਿੰਦਰ ਚਪੜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਹਲਕਾ ਘਨੌਰ ਦੇ ਘੁੱਗ ਵੱਸਦੇ ਪਿੰਡ ਜੰਡ ਮੰਗੋਲੀ ਵਿਖੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਨਥਾਣਾ ਸਾਹਿਬ ਵਿਖੇ ਸਿੱਖ ਨੌਜਵਾਨ ਸੇਵਾ ਸੁਸਾਇਟੀ ਘਨੌਰ ਦੇ ਸਮੂਹ ਸੇਵਾਦਾਰਾਂ ਵੱਲੋਂ 8ਵਾਂ ਫਰੀ ਦਸਤਾਰ ਦੁਮਾਲਾ ਸਿਖਲਾਈ ਕੈਂਪ ਲਗਾਇਆ ਗਿਆ। ਮਾਸਟਰ ਜਸਵਿੰਦਰ ਸਿੰਘ ਚਪੜ ਸਟੇਟ



ਐਵਾਰਡੀ ਨੇ ਦੱਸਿਆ ਕਿ ਜਿਹੜੇ ਵੀਰ -ਭੈਣਾਂ ਨੇ ਕੇਸ ਰੱਖਣ ਦਾ ਪ੍ਰਣ ਕੀਤਾ- ਉਨ੍ਹਾਂ ਨੂੰ ਸਰਟੀਫਿਕੇਟ - ਮੈਡਲਜ਼ ਅਤੇ ਦਸਤਾਰ ਨਾਲ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਅੱਜ ਇਥੇ 160 ਭੈਣ- ਵੀਰਾਂ ਦੇ ਸਿਰਾਂ ਤੇ ਦਸਤਾਰਾਂ ਸਿਖਾ ਕੇ ਸਜਾਈਆਂ ਗਈਆਂ। ਕੈਂਪ ਦੇ ਮੁੱਖ ਸੇਵਾਦਾਰ ਰਣਬੀਰ ਸਿੰਘ ਘਨੌਰ, ਸੁਰਿੰਦਰ ਸਿੰਘ ਘੁਮਾਣਾ, ਮਨਜੀਤ ਸਿੰਘ ਜੰਡ ਮੰਗੋਲੀ, ਸਤਪਾਲ ਸਿੰਘ ਮਹਿਮਦਪੁਰ, ਬੇਅੰਤ ਸਿੰਘ ਝੁੰਗੀਆਂ, ਸਰਬਜੀਤ ਸਿੰਘ ਕਾਮੀ ਕਲ੍ਹਾਂ, ਇੰਦਰਵੀਰ ਸਿੰਘ, ਗੁਰਪ੍ਰੀਤ ਸਿੰਘ ਸ਼ੇਖੂਪੁਰ, ਗੁਰਵਿੰਦਰ ਸਿੰਘ ਪਿੱਪਲ ਮੰਗੋਲੀ, ਨੇ ਕਈ ਦਿਨਾਂ ਤੋਂ ਸੇਵਾ ਨਿਭਾਈ। ਕੈਂਪ ਵਿਚ ਦਸਤਾਰ ਕੋਚ ਕਰਮਜੀਤ ਸਿੰਘ ਡਕਾਲਾ, ਨਵਰਿੰਦਰ ਸਿੰਘ ਸਰਹਿੰਦ, ਗੁਰਪ੍ਰੀਤ ਸਿੰਘ ਬਪਰੌਰ, ਗੁਰਪ੍ਰੀਤ ਸਿੰਘ ਕਬੂਲਪੁਰ, ਸੰਦੀਪ ਸਿੰਘ ਅਹਿਮਦਗੜ੍ਹ, ਗੁਰਰੂਪ ਕੌਰ, ਜਸਪ੍ਰੀਤ ਕੌਰ, ਨਵਨੀਤ ਕੌਰ, ਹਰਪ੍ਰੀਤ ਕੌਰ ਨੇ ਦਸਤਾਰ - ਦੁਮਾਲੇ ਸਜਾਏ। ਕੈਂਪ ਵਿਚ ਵਿਸ਼ੇਸ਼ ਤੌਰ ਤੇ ਸ. ਜਸਮੇਰ ਸਿੰਘ ਲਾਛੜੂ, ਸਰਬਜੀਤ ਸਿੰਘ ਝਿੰਜਰ, ਲਾਲ ਸਿੰਘ ਮਰਦਾਂਪੁਰ, ਬਲਵੰਤ ਸਿੰਘ ਘਨੌਰ, ਸਤਪਾਲ ਬੈਰਾਗੀ, ਜਸਵੀਰ ਸਿੰਘ ਪਹੁੰਚੇ।

# ਪਿੰਡ ਸਰਹਾਲ ਕਾਜ਼ੀਆਂ ਵਿਖੇ ਵਾਰਿਸ਼ ਨਾਲ ਪ੍ਰਭਾਵਿਤ ਪਰਿਵਾਰ ਦੀ ਬਸਪਾ ਵਲੋਂ ਮਦਦ ਕੀਤੀ ਗਈ ਸਰਕਾਰ ਆਪਣੇ ਵਾਦਿਆ ਤੋਂ ਮੁੱਕਰੀ - ਕਰੀਮਪੁਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਬੰਗਾ (ਚਰਨਜੀਤ ਸੱਲ੍ਹਾਂ ) ਬਸਪਾ ਪੰਜਾਬ ਦੀ ਪੰਜਾਬ ਸੰਭਾਲੋ ਮੁਹਿੰਮ ਵਲੋਂ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਦੀ ਸੰਗਤ ਦੇ ਸਹਿਯੋਗ ਨਾਲ ਪੰਜਾਬ ਵਿੱਚ ਵਾਰਿਸ਼ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕੀਤੀ ਜਾ ਰਹੀ ਹੈ, ਇਸੇ ਲੜੀ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ,ਵਿਧਾਨ ਸਭਾ ਬੰਗਾ ਦੇ ਪਿੰਡ ਸਰਹਾਲ ਕਾਜ਼ੀਆਂ ਵਿਖੇ ਵਾਰਿਸ਼ ਪ੍ਰਭਾਵਿਤ ਗਰੀਬ ਪਰਿਵਾਰ ਦੀ ਮਦਦ ਕੀਤੀ ਗਈ ਇਸ ਮੌਕੇ ਤੇ ਬਸਪਾ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਜੀ ਨੇ ਕਿਹਾ ਕਿ ਇੱਕ ਪਾਸੇ ਜਿੱਥੇ ਪੰਜਾਬ ਦੀ




ਆਪ ਸਰਕਾਰ ਸਿਰਫ ਵਾਅਦੇ ਲਾਰੇ ਅਤੇ ਮਸ਼ਹੂਰੀਆਂ ਵਿੱਚ ਮਸਤ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਮਰੀਆਂ ਬੱਕਰੀਆਂ ਅਤੇ ਮੁਰਗੀਆਂ ਦੇ ਪੈਸੇ ਦੇਣ ਦੇ ਲਾਰੇ ਲਗਾ ਕੇ ਮੁੱਕਰ ਗਏ ਹਨ ਅਤੇ ਅੱਜ ਤੱਕ ਪੂਰੇ ਪੰਜਾਬ ਵਿੱਚ ਇੱਕ ਵੀ ਗਰੀਬ ਮਜਦੂਰ ਕਿਸਾਨ ਦੀ ਬਾਂਹ ਨਹੀਂ ਫੜੀ, ਉੱਥੇ ਹੀ ਬਸਪਾ ਆਪਣੇ ਸੀਮਤ ਸਾਧਨਾਂ ਅਤੇ ਆਪਣੇ ਵਰਕਰਾਂ ਸਮਰਥਕਾਂ ਅਤੇ NRI ਸਾਥੀਆਂ ਦੇ ਸਹਿਯੋਗ ਨਾਲ ਪੰਜਾਬ ਵਿੱਚ ਗਰੀਬ ਮਜਦੂਰ ਅਤੇ ਕਿਸਾਨ ਦੇ ਨਾਲ ਡੱਟ ਕੇ ਖੜ੍ਹੀ ਹੈ ਅਤੇ ਖੜ੍ਹਦੀ ਰਹੇਗੀ

ਉਹਨਾਂ ਨੇ ਅੱਗੇ ਬੋਲਦੇ ਹੋਏ ਕਿਹਾ ਕਿ 2027 ਵਿੱਚ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨੂੰ ਮਜਬੂਤੀ ਨਾਲ ਅਸ਼ੀਰਵਾਦ ਦਿਓ ਤਾ ਕਿ ਆਪਾਂ ਆਪਣੀ ਸਰਕਾਰ ਬਣਾ ਕੇ ਜਰੂਰਤ ਮੰਦ ਅਤੇ ਗਰੀਬ ਲੋਕਾਂ ਦਾ ਸਹਾਰਾ ਬਣ ਸਕੀਏ ਇਸ ਮੌਕੇ ਤੇ ਫਗਵਾੜਾ ਨਗਰ ਕਾਰਪੋਰੇਸ਼ਨ ਦੇ ਸੀਨੀਅਰ ਡਿਪਟੀ ਮੇਅਰ ਸ੍ਰੀ ਤੇਜਪਾਲ ਬਸਰਾ, ਚਿਰੰਜੀ ਲਾਲ ਕਾਲਾ ਕੌਂਸਲਰ, ਵਿਧਾਨ ਸਭਾ ਹਲਕਾ ਬੰਗਾ ਦੇ ਪ੍ਰਧਾਨ ਮਾਸਟਰ ਸੱਤਪਾਲ ਰਟੈਂਡਾ, ਚਰਨਜੀਤ ਮੰਢਾਲੀ ਜਨਰਲ ਸਕੱਤਰ ਵਿਧਾਨ ਸਭਾ ਬੰਗਾ, ਤੀਰਥ ਕਲਸੀ, ਹਰਵਿੰਦਰ ਜੱਸਲ,ਸੁਰਜੀਤ ਸੈਪਲੇ ਮੁਲਾਜਮ ਆਗੂ, ਦਲਵਾਰੀ ਲਾਲ ਜੀ ਪ੍ਰਧਾਨ ਯੂਨਿਟ ਸਰਹਾਲ ਕਾਜ਼ੀਆਂ, ਰਾਣਾ ਮੁਕੰਦਪੁਰ ਪੀੜਤ ਪਰਿਵਾਰ ਦੇ ਮੈਬਰ ਲਖਵੀਰ ਸਿੰਘ ਯੂਥ ਆਗੂ ਅਤੇ ਹੋਰ ਪਿੰਡ ਵਾਸੀ ਹਾਜ਼ਿਰ ਸਨ

# ਸਿੱਧੂਵਾਲ ਭਵਨ ਵੱਲੋਂ 21ਵਾਂ ਸਲਾਨਾ ਸਮਾਗਮ, ਸ਼੍ਰੀ ਦਕਸ਼ ਪਰਜਾਪਤੀ ਤੇ ਭਾਈ ਬੁੱਧੂ ਸ਼ਾਹ ਜੀ ਦੀ ਯਾਦ ਵਿੱਚ ਧਾਰਮਿਕ ਪ੍ਰੋਗਰਾਮ

"Equality and justice" Patiala 14 January INTERNATIONAL PAPER, 9463601616 hardipchumber57@gmail.com

ਪ੍ਰਜਾਪਤ ਘੁਮਾਰ ਸਭਾ ਰਜਿ ਨੂੰ 766 ਜਿਲਾ ਪਟਿਆਲਾ ਸਿੱਧੂਵਾਲ ਭਵਨ ਵੱਲੋਂ 21ਵਾਂ ਸਲਾਨਾ ਸਮਾਗਮ ਬੀਬਾ ਰਾਜ ਕੁਮਾਰੀ ਕਲਿਆਣ ਦੀ ਪ੍ਰਧਾਨਗੀ ਹੇਠ ਹਰ ਸਾਲ ਦੀ ਤਰ੍ਹਾਂ ਸ੍ਰੀ ਦਕਸ਼ ਪਰਜਾਪਤੀ ਤੇ ਭਾਈ ਬੁੱਧੂ ਸ਼ਾਹ ਜੀ ਦੀ ਯਾਦ ਵਿੱਚ ਧਾਰਮਿਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।ਇਹੇ ਸਾਲਾਨਾ ਸਮਾਗਮ ਬਰਾਦਰੀ ਦੀ ਭਲਾਈ ਲਈ ਅਤੇ ਬਰਾਦਰੀ ਨੂੰ ਇੱਕ ਜੁੱਟ ਹੋਣ ਲਈ ਤੇ ਸਮਾਜ ਨੂੰ ਆਪਣੇ ਹੱਕਾਂ ਤੋਂ ਜਾਣੂੰ ਕਰਵਾਉਣ ਲਈ




ਮਿਤੀ 18 ਜਨਵਰੀ 2026 ਦਿਨ ਐਤਵਾਰ ਨੂੰ ਸਮਾਂ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ | ਅਤੇ 11 ਵਜੇ ਤੋਂ 1 ਵਜੇ ਤੱਕ ਸਮਾਜਿਕ ਵਿਚਾਰਾਂ ਕੀਤੀਆਂ ਜਾਣਗੀਆਂ ਅਤੇ ਅੱਖਾਂ ਤੇ ਦੰਦਾਂ ਦਾ ਮੁਫ਼ਤ ਕੈਂਪ ਲਗਾਇਆ ਜਾ ਰਿਹਾ ਹੈ ਸਮਾਂ 10 ਤੋਂ 12 ਵਜੇ ਤੱਕ ਡਾਕਟਰ ਸੁਖਦੀਪ ਸਿੰਘ ਬੋਪਾਰਾਏ ਜੀ ਪਹੁੰਚ ਕੇ ਚੈਕ ਕੱਪ ਕਰਨਗੇ। ਜਿਸ ਵਿਚ ਜਿਲਾ ਪਟਿਆਲਾ ਦੀ ਪਰਜਾਪਤ ਬਰਾਦਰੀ ਦੀ ਸਮੂਹ ਕਮੇਟੀ ਬੀਬੀ ਜਸਵਿੰਦਰ ਕੌਰ ਪ੍ਰਧਾਨ ਲੇਡੀਜ਼ ਵਿੰਗ . ਰਤਨ ਸਿੰਘ ਮੈਣ ਸੀਨੀਅਰ ਮੀਤ ਪ੍ਰਧਾਨ.ਸੁਰਜੀਤ ਸਿੰਘ ਲੰਗ ਸੀਨੀਅਰ ਮੀਤ ਪ੍ਰਧਾਨ.ਬਚਨ ਸਿੰਘ ਸਿਓਨਾ ਮੀਤ ਪ੍ਰਧਾਨ.ਕੇਵਲ ਸਿੰਘ ਖੇੜੀ ਮਾਨੀਆਂ ਮੀਤ ਪ੍ਰਧਾਨ.ਮੁਕੰਦ ਸਿੰਘ ਜਰਨਲ ਸਕੱਤਰ. ਗੁਰਜੰਟ ਸਿੰਘ ਸਨੌਰ ਜਰਨਲ ਸਕੱਤਰ.ਕਰਨੈਲ ਸਿੰਘ ਖੇੜੀਮਾਨੀਆ ਕੈਸ਼ੀਅਰ. ਡ.ਰਾਜ ਕੁਮਾਰ ਧਬਲਾਨ. ਗੁਰਪ੍ਰੀਤ ਸਿੰਘ.ਮੋਤੀਰਾਮ ਨਾਭਾ ਸਹਾਇਕ ਸਕੱਤਰ ਓਮ ਪ੍ਰਕਾਸ਼ ਝਿਜੌਰੀਪ੍ਰੈਸ ਸਕੱਤਰ.ਪਰਮਜੀਤ ਸਿੰਘ ਲੱਛਕਾਣੀ ਪ੍ਰਬੰਧਕੀ ਸਕੱਤਰ. ਪਿਆਰਾ ਸਿੰਘ .ਲਾਭ ਸਿੰਘ. ਨਰੰਜਨ ਸਿੰਘ.ਲੱਛਕਾਣੀ .ਹਰਨੇਕ ਸਿੰਘ ਮਾਲੇਮਾਜਰਾ ਸੂਬੇਦਾਰ ਜੀਤ ਸਿੰਘ ਮੰਡੌਰ ਸਰਪ੍ਰਸਤ. ਆਦਿ ਮੌਜੂਦ ਹੋਣਗੇ|

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਤੇ ਰਿਲੀਜ਼ ਹੋਵੇਗੀ

## ਬੱਚਿਆਂ ਦੇ ਪ੍ਰੇਰਨਾ ਸਰੋਤ ਕ੍ਰਾਂਤੀਕਾਰੀ ਸਤਿਗੁਰੂ ਰਵਿਦਾਸ ਮਹਾਰਾਜ ਜੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਤੇ ਅਨੇਕਾਂ ਪੁਸਤਕਾਂ ਦੇ ਰਚੇਤਾ, ਬਹੁਜਨ ਚਿੰਤਕ ਪ੍ਰਸਿਧ ਲੇਖਕ ਤੇ ਗੀਤਕਾਰ ਰਾਜੇਸ਼ ਭਬਿਆਣਾ ਆਪਣੀ ਨਵੀਂ ਪੁਸਤਕ "ਬੱਚਿਆਂ ਦੇ ਪ੍ਰੇਰਨਾ ਸਰੋਤ ਕ੍ਰਾਂਤੀਕਾਰੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਲੈ ਕੇ ਹਾਜ਼ਰ ਹੋ ਰਿਹਾ ਹੈ। ਇਹ ਪੁਸਤਕ ਛੋਟੇ ਬੱਚਿਆਂ ਨੂੰ ਮਿਸ਼ਨ ਨਾਲ ਜੋੜਨ ਲਈ ਤਿਆਰ ਕੀਤੀ ਗਈ ਹੈ ਜੋ ਸਲਾਹੁਣਯੋਗ ਹੈ । ਇਹ ਪੁਸਤਕ ਜਿੱਥੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗ਼ਮਪੁਰੇ ਦੇ ਫਲਸਫੇ ਤੋਂ ਜਾਣੂ ਕਰਵਾਉਂਦੀ ਹੈ ਉੱਥੇ ਹੀ ਆਪਸੀ ਪਿਆਰ ਸਾਂਝੀਵਾਲਤਾ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਵੀ ਦਿੰਦੀ ਹੈ । ਪੁਸਤਕ ਵਿੱਚ ਲੇਖਕ ਨੇ ਵਹਿਮਾਂ ਭਰਮਾਂ ਪਖੰਡਾਂ ਨੂੰ ਸਿਰੇ ਤੋਂ ਨਕਾਰਿਆ ਹੈ । ਬੱਚਿਆਂ ਦੇ ਪ੍ਰੇਰਨਾ ਸਰੋਤ ਕ੍ਰਾਂਤੀਕਾਰੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਹਰ ਇਨਸਾਨ ਨੂੰ ਜਾਤ-ਪਾਤ, ਉਚ-ਨੀਚ, ਭੇਦ -ਭਾਵ ਤੋਂ ਉੱਪਰ ਉੱਠ ਕੇ ਇਨਸਾਨੀਅਤ ਵਾਲਾ ਜੀਵਨ ਬਤੀਤ ਕਰਨਾ ਸਿਖਾਉਂਦੇ ਹਨ ਇਹ ਪੁਸਤਕ ਮਾਨਵਤਾਵਾਦੀ ਸੋਚ ਅਤੇ ਜਨ ਜਾਗ੍ਰਿਤੀ ਦਾ ਹੋਕਾ ਲਾਉਂਦੀ ਹੈ। ਉਮੀਦ ਹੈ ਲੇਖਕ ਦੀਆਂ



ਪਹਿਲੀਆਂ ਪੁਸਤਕਾਂ ਵਾਂਗ ਇਹ ਪੁਸਤਕ ਵੀ ਅਮਿੱਟ ਛਾਪ ਛੱਡੇਗੀ।

# ਸ੍ਰੀ ਨਾਭ ਕੰਵਲ ਬਿਰਧ ਆਸ਼ਰਮ ਭਰੋਮਜਾਰਾ ਵਿਖੇ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਨੇ ਲੋਹੜੀ ਦਾ ਤਿਉਹਾਰ ਮਨਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਅੱਜ ਲੋਹੜੀ ਦਾ ਤਿਓਹਾਰ ਸ੍ਰੀ ਨਾਭ ਕੰਵਲ ਬਿਰਧ ਆਸ਼ਰਮ ਭਰੋਮਜਾਰਾ (ਫੱਤੋਆਣਾ) ਵਿੱਚ ਬਾਬਾ ਬਲਵੰਤ ਸਿੰਘ ਦੀ ਅਗਵਾਈ ਵਿੱਚ ਮਨਾਇਆ, ਇਥੋਂ ਦੇ ਬਜੁਰਗਾਂ ਅਤੇ ਸੇਵਾਦਾਰਾਂ ਨੂੰ ਲੋਹੜੀ ਦੀ ਸੌਗਾਤ ਰੇਵੜੀਆਂ, ਮੂੰਗਫਲੀ ਅਤੇ ਫ਼ਲ ਵੰਡ ਕੇ ਆਪਣੀ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੈਨੀ, ਜਨਰਲ ਸਕੱਤਰ ਪੰਜਾਬ ਡਾਕਟਰ ਹਰੀਕ੍ਰਿਸ਼ਨ ਬੰਗਾ, ਜਿਲ੍ਹਾ ਚੈਅਰਮੈਨ ਹੁਸ਼ਿਆਰਪੁਰ ਸੁਰਜੀਤ ਸਿੰਘ, ਜਿਲ੍ਹਾ ਸਕਤੱਰ ਸੀਮਾ ਰਾਣੀ, ਜਿਲ੍ਹਾ



ਵਾਈਸ ਪ੍ਰਧਾਨ ਕਮਲ ਦੇਵ, ਜਿਲ੍ਹਾ ਜਨਰਲ ਸਕੱਤਰ ਨਵਾਂਸਹਿਰ ਕਿਰਨ ਬਾਲਾ, ਰਾਜੇਸ਼ ਕਲਸੀ, ਮਰਿਦੁਲ ਸੰਦਲ ਹਾਜਿਰ ਹੋਏ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੈਨੀ ਨੇ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਵਾਲਾ ਦਿਨ ਹੈ ਕਿ ਅਸੀਂ ਲੋਹੜੀ ਦਾ ਤਿਉਹਾਰ ਇਥੇ ਮੌਜੂਦ ਬਜੁਰਗਾਂ ਸੰਗ ਮਨਾ ਰਹੇ ਹਾਂ , ਇਥੇ ਸਾਨੂੰ ਬਜੁਰਗਾਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਿਲ੍ਹਾ ਸਕੱਤਰ ਸੀਮਾ ਰਾਣੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਤਿਉਹਾਰ ਇਹੋ ਜਿਹੀਆਂ ਪਵਿੱਤਰ ਥਾਵਾਂ ਤੇ ਮਨਾਉਣੇ ਚਾਹੀਦੇ ਹਨ, ਜਿਸ ਨਾਲ ਸਾਡੇ ਬੱਚਿਆਂ ਨੂੰ ਚੰਗੇ ਸੰਸਕਾਰ ਮਿਲਦੇ ਹਨ। ਹੋਟਲਾਂ ਅਤੇ ਚਮਕ ਦਮਕ ਵਾਲਿਆਂ ਸਥਾਨਾਂ ਤੇ ਤਿਉਹਾਰ ਮਨਾਉਣ ਨਾਲ ਸਾਡੇ ਬੱਚੇ ਆਪਣੀ ਵਿਰਾਸਤ ਨਾਲੋ ਟੁੱਟ ਰਹੇ ਹਨ। ਜਨਰਲ ਸਕੱਤਰ ਪੰਜਾਬ ਡਾਕਟਰ ਹਰੀਕ੍ਰਿਸ਼ਨ ਬੰਗਾ ਨੇ ਕਿਹਾ ਕਿ ਇਹ ਸ੍ਰੀ ਨਾਭ ਕੰਵਲ ਰਾਜਾ ਸਹਿਬ ਦੇ ਅਸਥਾਨ ਨਾਲ ਜੁੜਿਆ ਹੋਇਆ ਹੈ। ਇਥੋਂ ਦੇ ਰਹਿਣ ਵਾਲੇ ਬਜੁਰਗਾਂ ਦਾ ਭਰਨ ਪੋਸਣ ਰਾਜਾ ਸਾਹਿਬ ਦੇ ਦਰਬਾਰ ਤੋਂ ਅਤੇ ਉਹਨਾਂ ਦੇ ਸ਼ਰਧਾਲੂਆਂ ਦੀ ਮਦਦ ਨਾਲ ਹੁੰਦਾ ਹੈ। ਪ੍ਰਸਿੱਧ ਗਾਇਕ ਰਾਜੇਸ਼ ਕਲਸੀ ਨੇ ਕਿਹਾ ਕਿ ਮੈਨੂੰ ਪਹਿਲਾ ਵੀ ਕਈ ਵਾਰ ਇਸ ਸੁਸਾਇਟੀ ਦੇ ਮੈਂਬਰਾਂ ਨਾਲ ਇਥੇ ਆਉਣ ਦਾ ਸੁਭਾਗ ਪ੍ਰਾਪਤ ਹੋਇਆ, ਇਹੋ ਜਿਹੇ ਕਾਰਜਾਂ ਲਈ ਸੁਸਾਇਟੀ ਦੇ ਮੈਂਬਰ ਵਧਾਈ ਦੇ ਪਾਤਰ ਹਨ। ਬਾਬਾ ਬਲਵੰਤ ਸਿੰਘ ਜੀ ਨੇ ਪਹਿਲਾ ਸਾਮਾਜਿਕ ਸੁਖ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਸੁਸਾਇਟੀ ਦੇ ਮੈਂਬਰਾਂ ਨੂੰ ਅਸ਼ੀਰਵਾਦ ਦੇ ਕੇ ਲੋਹੜੀ ਦੀਆਂ ਸ਼ੁਭਕਾਮਨਾਵਾ ਦਿੱਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੈਨੀ, ਜਨਰਲ ਸਕੱਤਰ ਪੰਜਾਬ ਡਾਕਟਰ ਹਰੀਕ੍ਰਿਸ਼ਨ ਬੰਗਾ, ਜਿਲ੍ਹਾ ਚੈਅਰਮੈਨ ਹੁਸ਼ਿਆਰਪੁਰ ਸੁਰਜੀਤ ਸਿੰਘ, ਜਿਲ੍ਹਾ ਸਕਤੱਰ ਸੀਮਾ ਰਾਣੀ, ਜਿਲ੍ਹਾ ਵਾਈਸ ਪ੍ਰਧਾਨ ਕਮਲ ਦੇਵ, ਜਿਲ੍ਹਾ ਜਨਰਲ ਸਕੱਤਰ ਨਵਾਂਸ਼ਹਿਰ ਕਿਰਨ ਬਾਲਾ, ਰਾਜੇਸ਼ ਕਲਸੀ ਅਤੇ ਮਰਿਦੁਲ ਸੰਦਲ ਅਤੇ ਹੋਰ ਪਤਵੰਤੇ ਹਾਜਿਰ ਸਨ।

# ਸਲਾਇਟ ਵਿਖੇ ਪੂਰੀ ਧੂਮਧਾਮ ਨਾਲ ਮਨਾਇਆ ਲੋਹੜੀ ਦਾ ਤਿਉਹਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲ 14 ਜਨਵਰੀ INTERNATIONAL PAPER, 9463601616 hardipchumber57@gmail.com

ਲੌਂਗੋਵਾਲ, 13 ਜਨਵਰੀ (ਜਗਸੀਰ ਸਿੰਘ) - ਭਾਰਤ ਸਰਕਾਰ ਦੇ ਪ੍ਰਮੁੱਖ ਤਕਨੀਕੀ ਸੰਸਥਾਨ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਸਲਾਇਟ) ਲੌਂਗੋਵਾਲ ਦੇ ਕੈਂਪਸ ਵਿੱਚ ਲੋਹੜੀ ਦਾ ਤਿਉਹਾਰ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ ਗਿਆ। ਇੰਸਟੀਚਿਊਟ ਦੇ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ ਦੀ ਅਗਵਾਈ ਹੇਠ, ਫੈਕਲਟੀ ਮੈਂਬਰਾਂ, ਸਟਾਫ ਅਤੇ ਵਿਦਿਆਰਥੀਆਂ ਨੇ ਇਸ ਰਵਾਇਤੀ ਤਿਉਹਾਰ ਨੂੰ ਬਹੁਤ ਖੁਸ਼ੀ ਨਾਲ ਮਨਾਇਆ। ਲੋਹੜੀ ਦੀ ਅੱਗ ਬਾਲਦੇ ਹੋਏ, ਡਾਇਰੈਕਟਰ ਪ੍ਰੋ.ਪਾਸਵਾਨ ਨੇ ਸਾਰਿਆਂ ਨੂੰ ਵਧਾਈ ਦਿੱਤੀ, ਵਾਢੀ, ਖੁਸ਼ਹਾਲੀ ਅਤੇ ਨਵੀਂ ਸ਼ੁਰੂਆਤ ਦੀ ਖੁਸ਼ੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਆਧੁਨਿਕ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਪਰੰਪਰਾਵਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਪ੍ਰੋਗਰਾਮ ਵਿੱਚ ਭੰਗੜਾ, ਗਿੱਧਾ ਵਰਗੇ ਰਵਾਇਤੀ ਲੋਕ ਨਾਚ ਪੇਸ਼ ਕੀਤੇ ਗਏ, ਜਿਸ ਵਿੱਚ ਸੈਂਕੜੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਖਾਸ ਕਰਕੇ ਪ੍ਰੋਫੈਸਰਾਂ ਅਤੇ ਸਟਾਫ ਨੇ ਵੀ ਸਰਗਰਮੀ ਨਾਲ ਹਿੱਸਾ ਲਿਆ। ਇਸ ਸਮੇਂ ਵਿਦਿਆਰਥੀਆਂ ਨਾਲ ਅਗਨੀ ਦੀ ਪਰਿਕਰਮਾ ਕੀਤੀ ਅਤੇ ਤਿਲ, ਗੁੜ, ਮੂੰਗਫਲੀ ਅਤੇ ਰਿਵਾੜੀ ਦਾ ਪ੍ਰਸ਼ਾਦ ਵੰਡਿਆ। ਕੈਂਪਸ ਦੀ ਸਜਾਵਟ, ਰੰਗੀਨ ਗੁਬਾਰੇ ਅਤੇ ਸੰਗੀਤਕ ਪ੍ਰੋਗਰਾਮਾਂ ਨੇ ਮਾਹੌਲ ਨੂੰ ਹੋਰ ਵੀ ਤਿਉਹਾਰੀ ਬਣਾ ਦਿੱਤਾ। ਡਾਇਰੈਕਟਰ ਪ੍ਰੋ.ਮਨੀਕਾਂਤ ਪਾਸਵਾਨ ਨੇ ਇਸ ਮੌਕੇ 'ਤੇ ਸੰਸਥਾ ਦੀ ਏਕਤਾ ਅਤੇ ਸੱਭਿਆਚਾਰਕ ਵਿਭਿੰਨਤਾ ਦੀ ਸ਼ਲਾਘਾ ਕੀਤੀ ਅਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗਾਣ ਨਾਲ ਹੋਈ।

# ਟੀਕਾਕਰਨ ਸਬੰਧੀ ਫੀਲਡ ਸਟਾਫ ਲਈ ਟ੍ਰੇਨਿੰਗ ਦਾ ਆਯੋਜਨ ਟੀਕਾਕਰਾਨ ਸੈਸ਼ਨ ਨੂੰ ਪ੍ਰਭਾਵਸ਼ਾਲੀ ਬਨਾਉਣ ਕੀਤੀ ਵਿਚਾਰ ਚਰਚਾ

"Equality and justice" Patiala 14 January INTERNATIONAL PAPER, 94636016 hardipchumber57@gmail.com



ਫਰੀਦਕੋਟ, 14 ਜਨਵਰੀ ( ) ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇਜਿਲ੍ਹਾ ਟੀਕਾਕਰਨ ਅਫਸਰ ਡਾ. ਹੁਸਨਪਾਲ ਸਿੱਧੂਦੀ ਅਗਵਾਈ ਹੇਠ ਸਿਵਲ ਸਰਜਨ ਦਫਤਰ ਦੇਟ੍ਰੇਨਿੰਗ ਹਾਲ ਵਿੱਚ ਮੈਡੀਕਲ ਅਫਸਰ, ਬੀ.ਈ.ਈ. ਐਲ.ਐਚ.ਵੀ., ਸੀ.ਐਚ.ਓ. ਅਤੇਏ.ਐਨ.ਐਮ. ਨੂੰ ਟੀਕਾਕਰਨ ਸਬੰਧੀ ਵਿਸ਼ੇਸ਼ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਟੀਕਾਕਰਨ ਅਫਸਰ ਡਾ. ਹੁਸਨਪਾਲ ਸਿੱਧੂਨੇ ਦੱਸਿਆ ਕਿ ਗਰਭਵਤੀ ਔਰਤਾਂ ਅਤੇਨਵ ਜਨਮੇਬੱਚਿਆਂ ਦਾ ਸੰਪੂਰਨ ਟੀਕਾਕਰਨ ਕੀਤਾ ਜਾਵੇ। ਉਹਨਾਂ ਸਮੂਹ ਸਟਾਫ ਨੂੰ ਕਿਹਾ ਕਿ ਉਹ ਆਪਣੇਆਪਣੇਏਰੀਏ ਵਿੱਚ ਇਹ ਯਕੀਨੀ ਬਨਾਉਣ ਕਿ ਕੋਈ ਵੀ ਗਰਭਵਤੀ ਔਰਤ ਜਾਂ ਬੱਚਾ ਟੀਕਾਕਰਨ ਤੋਂਵਾਂਝੇਨਾ ਰਹਿਣ। ਉਹਨਾਂ ਟੀਕਾਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸ ਟੀਕਾਕਰਨ ਪ੍ਰੋਗਰਾਮ ਤਹਿਤ ਟੀ.ਬੀ., ਪੀਲੀਆ, ਖਾਂਸੀ ,ਨਿਮੋਨੀਆ , ਗੱਲ ਘੋਟੂ, ਟੈਟਨੇਸ, ਮੀਜਲ ਰੁਬੇਲਾ, ਕਾਲੀ ਖੰਘ ਆਦਿ 11 ਗੰਭੀਰ ਬਿਮਾਰੀਆਂ ਤੋਂਬਚਾਉਣ ਲਈ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈਜੋਕਿ ਬਿਲਕੁੱਲ ਮੁਫਤ ਹੁੰਦਾ ਹੈ। ਉਹਨਾਂ ਅਪੀਲ ਕੀਤੀ ਕਿ ਜਿਹਨਾਂ ਵੀ ਗਰਭਵਤੀ ਔਰਤਾਂ ਜਾਂ ਬੱਚਿਆਂ ਦਾ ਸੰਪੂਰਨ ਟੀਕਾਕਰਨ ਨਹੀਂ ਹੋਇਆ ਉਹਨਾਂ ਦਾ ਵੀ ਟੀਕਾਕਰਨ ਕਰਨਾ ਯਕੀਨੀ ਬਣਾਇਆ ਜਾਵੇ। ਟ੍ਰੇਨਿੰਗ ਦੌਰਾਨ ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਨੇ ਟੀਕਾਕਰਨ ਸਬੰਧੀ ਮਹੱਤਵਪੂਰਣ ਨੁਕਤੇ ਸਾਂਝੇ ਕੀਤੇ। ਸੈਸ਼ਨ ਨੂੰ ਹੋਰ ਬਿਹਤਰ ਢੰਗ ਨਾਲ ਆਯੋਜਿਤ ਕਰਨ ਅਤੇਵੱਧ ਤੋਂਵੱਧ ਲਾਭਪਾਤਰੀਆਂ ਨੂੰ ਸਿਹਤ ਸੇਵਾਵਾਂ ਪਹੁੰਚਾਉਣ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਟੀਕਾਕਰਨ ਕੈਂਪ ਮੌਕੇਹਾਈ ਰਿਸਕ ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖਿਆ ਜਾਵੇਤਾਂ ਜੋਉਹਨਾਂ ਦਾ ਜਣੇਪਾ ਸੁਰੱਖਿਅਤ ਹੋਸਕੇ। ਇਸ ਮੌਕੇਡਿਪਟੀ ਮਾ ਸ ਮੀਡੀਆ ਤੇਸੂਚਨਾ ਅਫਸਰ ਸੁਧੀਰ ਧੀਰ ਅਤੇਡਿਪਟੀ ਮਾਸ ਮੀਡੀਆ ਤੇ ਸੂਚਨਾ ਅਫਸਰ ਡਾ. ਪ੍ਰਭਦੀਪ ਚਾਵਲਾ ਨੇ ਟੀਕਾਕਰਨ ਕੈਂਪ ਦੌਰਾਨ ਸਿਹਤ ਜਾਗਰੂਕਤਾ ਗਤੀਵਿਧੀਆਂ ਦੇਆਯੋਜਨ, ਪੰਚਾਇਤਾਂ, ਕਲੱਬਾਂ, ਸਿਹਤ ਕਮੇਟੀਆਂ ਅਤੇਦੂਸਰੇਵਿਭਾਗਾਂ ਦਾ ਸਹਿਯੋਗ ਲੈਣ ਸਬੰਧੀ ਜਾਣਕਾਰੀ ਸਾਂਝੀ ਕੀਤੀ ਤਾਂ ਜੋਵਿਭਾਗ ਦੀਆਂ ਸਿਹਤ ਸਕੀਮਾਂ, ਸਹੂਲਤਾਂ ਅਤੇਸੇਵਾਵਾਂ ਦਾ ਲੋਕ ਵੱਧ ਤੋਂਵੱਧ ਲਾਭ ਲੈ ਸਕਣ। ਅੰਤ ਵਿੱਚ ਮਾਸ ਮੀਡੀਆ ਬਰਾਂਚ ਵੱਲੋਂ ਤਿਆਰ ਕੀਤਾ ਟੀਕਾਕਰਨ ਸਾਰਣੀ ਦੀ ਜਾਣਕਾਰੀ ਦਿੰਦਾ ਪਰਚਾ ਅਧਿਕਾਰੀਆਂ ਵੱਲੋਂ ਜਾਰੀ ਕੀਤਾ ਗਿਆ।

# ਬਸਪਾ ਜੋਨ ਪਟਿਆਲਾ ਵੱਲੋਂ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ ਦਿਨ 15 ਜਨਵਰੀ ਨੂੰ ਸ਼ੇਰਪੁਰ ਵਿਖੇ ਮਨਾਇਆ ਜਾਵੇਗਾ-ਭੈਣੀ, ਮਹਿਰਾ

"Equality and justice" Patiala 14 January INTERNATIONAL PAPER, 94636016 hardipchumber57@gmail.com




ਪਟਿਆਲਾ ਜਗਤਾਰ ਰੋੜੇਵਾਲ - ਬਹੁਜਨ ਸਮਾਜ ਪਾਰਟੀ ਜੋਨ ਪਟਿਆਲਾ ਵੱਲੋਂ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਐਮ ਪੀ, ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਦਾ 70 ਵਾਂ ਜਨਮ ਦਿਨ 15 ਜਨਵਰੀ 2026 ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਦੁਸਿਹਰਾ ਗਰਾਉਂਡ, ਅਨਾਜ ਮੰਡੀ ਸ਼ੇਰਪੁਰ, ਵਿਧਾਨ ਸਭਾ ਹਲਕਾ ਮਹਿਲ ਕਲਾਂ ਵਿਖੇ ਮਨਾਇਆ ਜਾਵੇਗਾ।

ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਗਤਾਰ ਸਿੰਘ ਭੈਣੀ ਬਸਪਾ ਮੀਡੀਆ ਇੰਚਾਰਜ ਜਿਲਾ ਪਟਿਆਲਾ ਨੇ ਦੱਸਿਆ ਕਿ ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਅਜੀਤ ਸਿੰਘ ਭੈਣੀ ਇੰਚਾਰਜ ਬਸਪਾ ਪੰਜਾਬ ਤੇ ਸ. ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ ਪੰਜਾਬ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀ ਅਜੀਤ ਸਿੰਘ ਭੈਣੀ ਪ੍ਰਜਾਪਤੀ ਸੂਬਾ ਤੇ ਪਟਿਆਲਾ ਜੋਨ ਇੰਚਾਰਜ, ਕੁਲਦੀਪ ਸਿੰਘ ਸਰਦੂਲਗੜ੍ਹ ਤੇ ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ ਵਿਸ਼ੇਸ਼ ਮਹਿਮਾਨ ਹੋਣਗੇ।ਇਸ ਮੌਕੇ ਲੈਕਚਰਾਰ ਅਮਰਜੀਤ ਸਿੰਘ ਚਲੂਰ, ਸੂਬਾ ਜਨਰਲ ਸਕੱਤਰ, ਜੋਗਾ ਸਿੰਘ ਪਨੋਦੀਆ ਸੂਬਾ ਜਨਰਲ ਸਕੱਤਰ,ਰਾਜਾ ਰਜਿੰਦਰ ਸਿੰਘ ਨੰਨ੍ਹੇਹੇੜੀਆ ਸੂਬਾ ਜਨਰਲ ਸਕੱਤਰ ਸਾਰੇ ਜੋਨ ਪਟਿਆਲਾ ਇੰਚਾਰਜ, ਡਾਕਟਰ ਮੱਖਣ ਸਿੰਘ ਸੂਬਾ ਜਨਰਲ ਸਕੱਤਰ ਪਹੁੰਚ ਰਹੇ ਹਨ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸਰਬਜੀਤ ਸਿੰਘ ਖੇੜੀ ਪ੍ਰਧਾਨ ਜ਼ਿਲ੍ਹਾ ਬਰਨਾਲਾ ਕਰਨਗੇ। ਪਟਿਆਲਾ ਜੋਨ ਵਿਚ ਪੈਂਦੇ ਸਾਰੇ ਹਲਕਿਆਂ ਦੇ ਪ੍ਰਧਾਨਾਂ,ਸੈਕਟਰ ਇੰਚਾਰਜ,B-VF ਤੇ ਬਾਮਸੇਫ ਦੇ ਸਾਰੇ ਅਹੁਦੇਦਾਰਾਂ ਤੇ ਵਰਕਰਾਂ, ਸਮੱਰਥਕਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਹੈ।

# ਗਣਤੰਤਰ ਦਿਵਸ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਪ੍ਰਸ਼ਾਸਨ ਸਰਗਰਮ - ਆਸ਼ਿਕਾ ਜੈਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 94636016 hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਗਣਤੰਤਰ ਦਿਵਸ ਮੌਕੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪੁਲਿਸ ਲਾਈਨ ਸਥਿਤ ਕਾਨਫਰੰਸ ਹਾਲ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਸਮਾਗਮ ਨੂੰ ਮਾਣਮੱਤੇ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਇਕ ਰਾਸ਼ਟਰੀ ਤਿਉਹਾਰ ਹੈ, ਜਿਸ ਨੂੰ ਪੂਰੇ ਅਨੁਸ਼ਾਸਨ, ਦੇਸ਼ ਭਗਤੀ ਦੀ ਭਾਵਨਾ ਅਤੇ ਉੱਚ ਮਿਆਰਾਂ ਨਾਲ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਸਾਰੇ ਵਿਭਾਗਾਂ ਨੂੰ ਇਕ-ਦੂਜੇ ਨਾਲ ਤਾਲਮੇਲ ਕਰਕੇ ਕੰਮ ਕਰਨ ਅਤੇ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਸਮੇਂ ਸਿਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਸੁਰੱਖਿਆ ਪ੍ਰਬੰਧਾਂ, ਪਰੇਡ ਰਿਹਰਸਲ, ਸੱਭਿਆਚਾਰਕ ਪ੍ਰੋਗਰਾਮ, ਸਟੇਜ ਪ੍ਰਬੰਧ, ਸੱਦੇ ਗਏ ਮਹਿਮਾਨਾਂ ਲਈ ਸਹੂਲਤਾਂ, ਟ੍ਰੈਫਿਕ ਪ੍ਰਬੰਧਨ, ਸਫ਼ਾਈ, ਸਿਹਤ ਸੇਵਾਵਾਂ ਅਤੇ ਐਮਰਜੈਂਸੀ ਪ੍ਰਬੰਧਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਨੂੰ ਸੁਰੱਖਿਆ ਪ੍ਰਬੰਧਾਂ ਨੂੰ ਸਖ਼ਤ ਰੱਖਣ ਦੇ ਨਿਰਦੇਸ਼ ਦਿੱਤੇ, ਜਦੋਂ ਕਿ ਸਿਹਤ ਵਿਭਾਗ ਨੂੰ ਐਂਬੂਲੈਂਸਾਂ ਅਤੇ ਮੈਡੀਕਲ ਸਟਾਫ ਦੇ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਨਗਰ ਨਿਗਮ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਸਮਾਗਮ ਵਾਲੀ ਥਾਂ 'ਤੇ ਸਾਫ਼-ਸਫ਼ਾਈ, ਸਜਾਵਟ, ਨਿਰਵਿਘਨ ਬਿਜਲੀ ਅਤੇ ਪਾਣੀ ਦੀ ਸਪਲਾਈ ਅਤੇ ਬੈਠਣ ਦੇ ਢੁਕਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ। ਸੱਭਿਆਚਾਰਕ ਪ੍ਰੋਗਰਾਮਾਂ ਨੂੰ ਆਕਰਸ਼ਕ ਅਤੇ ਦੇਸ਼ ਭਗਤੀ ਨਾਲ ਭਰਪੂਰ ਬਣਾਉਣ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਗਣਤੰਤਰ ਦਿਵਸ ਸਮਾਰੋਹ ਜ਼ਿਲ੍ਹਾ ਪ੍ਰਸ਼ਾਸਨ ਦੀ ਤਸਵੀਰ ਨੂੰ ਦਰਸਾਉਂਦਾ ਹੈ, ਇਸ ਲਈ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਸਾਰੇ ਵਿਭਾਗ ਮਿਲ ਕੇ ਜ਼ਿੰਮੇਵਾਰੀ ਨਾਲ ਕੰਮ ਕਰਨਗੇ ਅਤੇ ਜ਼ਿਲ੍ਹਾ ਪੱਧਰੀ ਸਮਾਗਮ ਨੂੰ ਸਫਲ ਬਣਾਉਣਗੇ।

# ਨਾਗਰਿਕ ਆਜ਼ਾਦੀਆਂ ਦੇ ਆਗੂ ਕ੍ਰਾਂਤੀ ਚੈਤੰਨਯ ਵਿਰੁੱਧ ਰਾਜਧ੍ਰੋਹ ਦਾ ਕੇਸ ਵਾਪਸ ਲਿਆ ਜਾਵੇ -ਜਮਹੂਰੀ ਫਰੰਟ

"Equality and justice" Patiala 14 January INTERNATIONAL PAPER, 94636016 hardipchumber57@gmail.com

ਜਲੰਧਰ (ਸਤਨਾਮ ਸਿੰਘ ਸਹੂੰਗੜਾ) ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ (ਏਪੀਸੀਐੱਲਸੀ) ਦੇ ਆਗੂਆਂ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਨ ਅਤੇ ਜਥੇਬੰਦੀ ਦੇ ਮੀਤ ਪ੍ਰਧਾਨ ਕ੍ਰਾਂਤੀ ਚੈਤੰਨਯ ਨੂੰ ਗ੍ਰਿਫ਼ਤਾਰ ਕਰਕੇ ਰਿਮਾਂਡ ਲੈਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਤਿਰੂਪਤੀ ਸ਼ਹਿਰ ਵਿਚ ਕਮੇਟੀ ਦੀ 20ਵੀਂ ਸਟੇਟ ਕਾਨਫਰੰਸ (10–11 ਜਨਵਰੀ 2026) ਸਮੇਂ ਲਗਾਏ ਫਲੈਕਸ ਬੈਨਰਾਂ ਨੂੰ ਮੁੱਦਾ ਬਣਾ ਕੇ "ਸਨਾਤਨ ਧਰਮ ਰੱਖਿਆ ਕਮੇਟੀ" ਦੇ ਅਹੁਦੇਦਾਰਾਂ ਵੱਲੋਂ ਨਾਗਰਿਕ ਆਜ਼ਾਦੀਆਂ ਦੇ ਆਗੂਆਂ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰਾਉਣਾ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਉੱਪਰ ਹਮਲਾ ਹੈ। ਕ੍ਰਾਂਤੀ ਤੋਂ ਇਲਾਵਾ, ਕਈ ਹੋਰ ਏਪੀਸੀਐੱਲਸੀ ਮੈਂਬਰਾਂ ਅਤੇ ਇੱਕ ਪ੍ਰਿੰਟਰ ਨੂੰ ਨੂੰ ਵੀ ਕੇਸ ਵਿਚ ਨਾਮਜ਼ਦ ਕੀਤਾ ਗਿਆ ਹੈ। ਬੈਨਰ ਵਿਚ ਭਾਰਤ ਦੇ ਰਾਸ਼ਟਰੀ ਚਿੰਨ੍ਹ ਅਸ਼ੋਕ ਮੂਰਤੀ ਦਾ ਵਿਅੰਗਾਤਮਕ ਕਾਰਟੂਨ ਅਤੇ ਹਿੰਦੂਤਵੀ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ਬੁੱਧੀਜੀਵੀਆਂ ਨਰੇਂਦਰ ਦਾਭੋਲਕਰ, ਗੋਵਿੰਦ ਪਾਨਸਰੇ, ਐਮ.ਐਮ. ਕਲਬੁਰਗੀ ਅਤੇ ਗੌਰੀ ਲੰਕੇਸ਼ ਦੀਆਂ ਤਸਵੀਰਾਂ ਲਗਾਕੇ ਅਜੋਕੇ ਫਾਸ਼ੀਵਾਦੀ ਖ਼ਤਰੇ ਵੱਲ ਧਿਆਨ ਖਿੱਚਿਆ ਗਿਆ ਸੀ ਅਤੇ "ਹਿੰਦੂ ਫਾਸ਼ੀਵਾਦ ਵਿਰੁੱਧ ਲੜੋ" ਦਾ ਨਾਅਰਾ ਦਿੱਤਾ ਗਿਆ ਸੀ। ਹਿੰਦੂਤਵਵਾਦੀ ਅਨਸਰਾਂ ਦੀਆਂ ਧਮਕੀਆਂ ਅਤੇ ਖ਼ਲਲ ਪਾਉਣ ਦੇ ਬਾਵਜੂਦ 350 ਤੋਂ ਵੱਧ ਹੱਕਾਂ ਦੇ ਝੰਡਾਬਰਦਾਰਾਂ ਨੇ ਕਾਨਫਰੰਸ ਵਿਚ ਹਿੱਸਾ ਲੈ ਕੇ ਇਸ ਨੂੰ ਸਫਲ ਬਣਾਇਆ ਅਤੇ ਪ੍ਰੋ. ਹਰਗੋਪਾਲ, ਪ੍ਰੋ. ਡੀ. ਨਰਸਿੰਹਾ ਰੈੱਡੀ, ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਅਤੇ ਰਿਟਾਇਰਡ ਜਸਟਿਸ ਬੀ. ਚੰਦਰ ਕੁਮਾਰ ਸਮੇਤ ਨਾਮਵਰ ਸ਼ਖ਼ਸੀਅਤਾਂ ਵੱਲੋਂ ਸੰਬੋਧਨ ਕੀਤਾ ਗਿਆ। ਫਰੰਟ ਦੇ ਆਗੂਆਂ ਨੇ ਕਿਹਾ ਕਿ ਫਾਸ਼ੀਵਾਦੀ ਖ਼ਤਰੇ ਵਿਰੁੱਧ ਆਵਾਜ਼ ਉਠਾਉਣਾ ਤੇ ਭਾਰਤ ਦੇ ਲੋਕਾਂ ਨੂੰ ਇਸ ਬਾਰੇ ਚੇਤੰਨ ਕਰਨਾ ਹਰ ਜਾਗਰੂਕ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਨਾਲ ਸਰੋਕਾਰ ਰੱਖਦੇ ਨਾਗਰਿਕਾਂ ਦਾ ਫਰਜ਼ ਹੈ। ਕਲਾਤਮਕ ਪ੍ਰਤੀਰੋਧ ਦੇ ਹੋਰ ਰੂਪ ਜਮਹੂਰੀ ਵਿਰੋਧ ਦੇ ਦੁਨੀਆ ਭਰ ਵਿਚ ਪ੍ਰਵਾਨਤ ਹਨ। ਇਸੇ ਤਰ੍ਹਾਂ ਹਿੰਦੂਤਵ ਫਾਸ਼ੀਵਾਦੀਆਂ ਵੱਲੋਂ ਕਤਲ ਕੀਤੇ ਲੋਕਪੱਖੀ ਬੁੱਧੀਜੀਵੀਆਂ ਤੇ ਕਲਮਕਾਰਾਂ ਨੂੰ ਚੇਤੇ ਕਰਦਿਆਂ ਉਨ੍ਹਾਂ ਲਈ ਨਿਆਂ ਦੀ ਮੰਗ ਕਰਨਾ



ਭਾਰਤ ਦੇ ਨਿਆਂਪਸੰਦ ਲੋਕਾਂ ਦਾ ਜਮਹੂਰੀ ਹੱਕ ਹੈ। ਹਿੰਦੂਤਵਵਾਦੀ ਹਕੂਮਤ ਨੇ ਰਾਜਨੀਤਕ ਵਿਅੰਗ ਸਮੇਤ ਪ੍ਰਗਟਾਵੇ ਦੇ ਮੁੱਢਲੇ ਜਮਹੂਰੀ ਹੱਕਾਂ ਨੂੰ ਵੀ ਸਟੇਟ ਵਿਰੋਧੀ ਸੰਗੀਨ ਜੁਰਮ ਬਣਾ ਦਿੱਤਾ ਹੈ ਅਤੇ ਫਿਰਕੂ ਫਾਸ਼ੀਵਾਦੀ ਰਾਜ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਜ਼ਬਾਨਬੰਦੀ ਕਰਨ ਲਈ ਉਨ੍ਹਾਂ ਵਿਰੁੱਧਅ ਰਾਜਧ੍ਰੋਹ ਦੇ ਪਰਚੇ ਦਰਜ ਕਰਵਾਏ ਜਾ ਰਹੇ ਹਨ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਕ੍ਰਾਂਤੀ ਚੇਤੰਨਯ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਰਾਜਧ੍ਰੋਹ ਦਾ ਬੇਬੁਨਿਆਦ ਕੇਸ ਤੁਰੰਤ ਵਾਪਸ ਲਿਆ ਜਾਵੇ ਅਤੇ ਪ੍ਰਗਟਾਵੇ ਤੇ ਸੰਘਰਸ਼ ਦੇ ਹੱਕਾਂ ਉੱਪਰ ਹਮਲੇ ਬੰਦ ਕੀਤੇ ਜਾਣ।

# ਬਰਮਿੰਘਮ ਵਿੱਚ ਪੰਜਾਬੀ ਨੌਜਵਾਨ ਦੀ ਸ਼ੱਕੀ ਹਾਲਾਤ ਵਿੱਚ ਮੌਤ, ਸਦਮੇ 'ਚ ਪਰਿਵਾਰ

## ਪਰਿਵਾਰ ਨੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਤੋਂ ਮੰਗੀ ਮਦਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 94636016 hardipchumber57@gmail.com

ਇੰਗਲੈਂਡ ਦੇ ਬਰਮਿੰਘਮ ਸ਼ਹਿਰ ਵਿੱਚ ਗੁਰਦਾਸਪੁਰ ਦੇ ਇੱਕ ਨੌਜਵਾਨ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਮ੍ਰਿਤਕ ਨਮਨ ਖੁੱਲਰ 27 ਸਾਲਾਂ ਦਾ ਸੀ। ਇਸ ਘਟਨਾ ਨਾਲ ਪਰਿਵਾਰ ਵਿੱਚ ਸੋਗ ਹੈ ਅਤੇ ਮੌਤ ਦੇ ਕਾਰਨਾਂ ਨੂੰ ਲੈ ਕੇ ਕਈ ਸਵਾਲ ਖੜੇ ਹੋ ਰਹੇ ਹਨ।



ਮ੍ਰਿਤਕ ਦੇ ਪਿਤਾ ਪਵਨ ਕੁਮਾਰ ਮੁਤਾਬਕ ਨਮਨ ਕਰੀਬ ਪੰਜ ਸਾਲ ਪਹਿਲਾਂ ਚੰਗੇ ਭਵਿੱਖ ਤੇ ਰੋਜ਼ਗਾਰ ਲਈ ਇੰਗਲੈਂਡ ਗਿਆ ਸੀ। ਉਹ ਬਰਮਿੰਘਮ ਵਿੱਚ ਇੱਕ ਪਾਕਿਸਤਾਨੀ ਔਰਤ ਦੇ ਘਰ ਰਹਿ ਕੇ ਡਿਲਿਵਰੀ ਬੁਆਏ ਵਜੋਂ ਕੰਮ ਕਰਦਾ ਸੀ। ਪਿਤਾ ਅਨੁਸਾਰ 10 ਜਨਵਰੀ ਦੀ ਰਾਤ ਨਮਨ ਨੇ ਕੰਮ ਤੋਂ ਮਗਰੋਂ ਆਪਣੀ ਮਾਂ ਅਤੇ ਦੋ ਭਰਾਵਾਂ ਨਾਲ ਫ਼ੋਨ 'ਤੇ ਗੱਲ ਕੀਤੀ ਸੀ ਅਤੇ ਉਹ ਬਿਲਕੁਲ ਠੀਕ ਸੀ।

ਉਨ੍ਹਾਂ ਦੱਸਿਆ ਕਿ 11 ਜਨਵਰੀ ਨੂੰ ਪਰਿਵਾਰ ਨੂੰ ਅਚਾਨਕ ਇੱਕ ਫ਼ੋਨ ਕਾਲ ਆਈ, ਜਿਸ ਵਿੱਚ ਨਮਨ ਦੀ ਮੌਤ ਦੀ ਜਾਣਕਾਰੀ ਦਿੱਤੀ ਗਈ। ਮੌਤ ਕਿਹੜੇ ਹਾਲਾਤਾਂ ਵਿੱਚ ਹੋਈ, ਇਸ ਬਾਰੇ ਹਾਲੇ ਤੱਕ ਕੋਈ ਸਪਸ਼ਟ ਜਾਣਕਾਰੀ ਨਹੀਂ ਮਿਲੀ, ਜਿਸ ਕਾਰਨ ਪਰਿਵਾਰ ਵੱਲੋਂ ਕਈ ਤਰ੍ਹਾਂ ਦੇ ਸਵਾਲ ਚੁੱਕੇ ਜਾ ਰਹੇ ਹਨ।

ਪੁੱਤਰ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਲਈ ਪਰਿਵਾਰ ਨੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਪੱਤਰ ਲਿੱਖ ਕੇ ਮਦਦ ਦੀ ਅਪੀਲ ਕੀਤੀ ਹੈ। ਨਾਲ ਹੀ ਕੇਂਦਰ ਅਤੇ ਵਿਦੇਸ਼ੀ ਪ੍ਰਸ਼ਾਸਨ ਤੋਂ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।

"Equality and justice"
Patiala 14 January
INTERNATIONAL PAPER, 9463601616
hardipchumber57@gmail.com

# ੧੫ ਜਨਵਰੀ ਜਨਮ ਦਿਨ ਲਈ ਵਿਸ਼ੇਸ਼

ਲਾਲ ਸਿੰਘ ਸੁਲਹਾਣੀ
੯੮੭੨੧੫੫੧੨੦



## ਆਇਰਨ ਲੇਡੀ ਭੈਣ ਕੁਮਾਰੀ ਮਾਇਆਵਤੀ ਜੀ: ਇੱਕ ਸੰਘਰਸ਼ਮਈ ਜੀਵਨ

ਭੈਣ ਕੁਮਾਰੀ ਮਾਇਆਵਤੀ ਜੀ, ਜਿਨ੍ਹਾਂ ਨੂੰ ਭਾਰਤੀ ਰਾਜਨੀਤੀ ਵਿੱਚ "ਆਇਰਨ ਲੇਡੀ" ਵੀ ਕਿਹਾ ਜਾਂਦਾ ਹੈ, ਉੱਤਰ ਪ੍ਰਦੇਸ਼ ਦੀਆਂ ਚਾਰ ਵਾਰ ਮੁੱਖ ਮੰਤਰੀ ਰਹੇ ਅਤੇ ਵਰਤਮਾਨ ਵਿੱਚ ਬਹੁਜਨ ਸਮਾਜ ਪਾਰਟੀ (ਬੀ.ਐੱਸ.ਪੀ.) ਦੀ ਸੁਪ੍ਰੀਮੋ ਹਨ। ਉਹਨਾਂ ਦਾ ਜਨਮ ੧੫ ਜਨਵਰੀ ੧੯੫੬ ਨੂੰ ਨਵੀਂ ਦਿੱਲੀ ਵਿੱਚ ਇੱਕ ਨਿਮਨ-ਆਮਦਨ ਵਾਲੇ ਦਲਿਤ (ਜਾਟਵ) ਪਰਿਵਾਰ ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਸ੍ਰੀ ਪ੍ਰਭੂ ਦਾਸ ਇੱਕ ਪੋਸਟ ਆਫਿਸ ਅਧਿਕਾਰੀ ਸਨ ਅਤੇ ਮਾਤਾ ਸ੍ਰੀਮਤੀ ਰਾਮ ਰਤੀ ਘਰ ਦੇ ਫਰਜ਼ ਨਿਭਾਉਂਦੇ ਸਨ। ਨੌਂ ਭੈਣ-ਭਰਾਵਾਂ ਵਿੱਚੋਂ ਇੱਕ ਮਾਇਆਵਤੀ ਜੀ ਨੇ ਗਰੀਬੀ ਅਤੇ ਜਾਤ ਪਾਤ ਦੇ ਵਿਤਕਰੇ ਵਿੱਚ ਵੱਡੇ ਹੋਣ ਦੇ ਬਾਵਜੂਦ ਆਪਣੀ ਪੜ੍ਹਾਈ ਨੂੰ ਪੂਰਾ ਕੀਤਾ। ਉਹਨਾਂ ਨੇ ਦਿੱਲੀ ਯੂਨੀਵਰਸਿਟੀ ਦੇ ਕਲਿੰਦੀ ਕਾਲਜ ਤੋਂ ਬੀ.ਏ. (੧੯੭੫), ਵੀ.ਐੱਮ.ਐੱਲ. ਜੀ. ਕਾਲਜ ਗਾਜ਼ੀਆਬਾਦ ਤੋਂ ਬੀ.ਐੱਡ. (੧੯੭੬) ਅਤੇ ਲਾਅ ਫੈਕਲਟੀ ਤੋਂ ਐੱਲ.ਐੱਲ.ਬੀ. (੧੯੮੩) ਕੀਤੀ। ਇਸ ਤੋਂ ਬਾਅਦ ਉਹਨਾਂ ਨੇ ਦਿੱਲੀ ਵਿੱਚ ਅਧਿਆਪਕ ਵਜੋਂ ਨੌਕਰੀ ਕੀਤੀ ਅਤੇ ਭਾਰਤੀ ਪ੍ਰਸ਼ਾਸਕੀ ਸਰਵਿਸਿਜ਼ (ਆਈ.ਏ.ਐੱਸ.) ਦੀ ਤਿਆਰੀ ਵੀ ਕੀਤੀ। ਪਰ ੧੯੭੭ ਵਿੱਚ ਬਹੁਜਨ ਨੇਤਾ ਕਾਂਸ਼ੀ ਰਾਮ ਜੀ ਨਾਲ ਮੁਲਾਕਾਤ ਨੇ ਉਹਨਾਂ ਦਾ ਜੀਵਨ ਬਦਲ ਦਿੱਤਾ।

### ਜੀਵਨ ਵਿੱਚ ਕੀਤੇ ਤਿਆਗ, ਮਿਹਨਤ ਅਤੇ ਸਮਰਪਣ

ਮਾਇਆਵਤੀ ਜੀ ਦਾ ਜੀਵਨ ਸੰਘਰਸ਼ ਅਤੇ ਤਿਆਗ ਭਰਪੂਰ ਹੈ। ਉਹਨਾਂ ਨੇ ਵਿਆਹ ਨਾ ਕਰਕੇ ਆਪਣਾ ਪੂਰਾ ਜੀਵਨ ਸਮਾਜਿਕ ਨਿਆਂ ਅਤੇ ਦਲਿਤ ਉਥਾਨ ਲਈ ਸਮਰਪਿਤ ਕਰ ਦਿੱਤਾ। ਉਹਨਾਂ ਦੀ ਆਤਮਕਥਾ ਮੇਰੇ ਸੰਘਰਸ਼ਮਈ ਜੀਵਨ ਅਤੇ ਬਹੁਜਨ ਮੂਵਮੈਂਟ ਕਾ ਸਫ਼ਰਨਾਮਾ (ਹਿੰਦੀ ਵਿੱਚ ਤਿੰਨ ਭਾਗਾਂ ਵਿੱਚ) ਅਤੇ ਏ ਟ੍ਰੈਵਲੌਗ ਆਫ਼ ਮਾਈ ਸਟ੍ਰੱਗਲ-ਰਿਡਨ ਲਾਈਫ (ਅੰਗਰੇਜ਼ੀ ਵਿੱਚ) ਵਿੱਚ ਉਹਨਾਂ ਨੇ ਆਪਣੇ ਸੰਘਰਸ਼ਾਂ ਨੂੰ ਬਿਆਨ ਕੀਤਾ ਹੈ। ਕਾਂਸ਼ੀ ਰਾਮ ਜੀ ਨੇ ਉਹਨਾਂ ਨੂੰ ਬੀ.ਐੱਸ.ਪੀ. ਦੀ ਸਥਾਪਨਾ (੧੯੮੪) ਵਿੱਚ ਸ਼ਾਮਲ ਕੀਤਾ ਅਤੇ ੨੦੦੧ ਵਿੱਚ ਉਹਨਾਂ ਨੂੰ ਆਪਣਾ ਉੱਤਰਾਧਿਕਾਰੀ ਘੋਸ਼ਿਤ ਕੀਤਾ। ੨੦੦੩ ਵਿੱਚ ਉਹਨਾਂ ਨੇ ਪਾਰਟੀ ਦੀ ਅਧਿਕਾਰੀ ਬਣਨ ਤੋਂ ਬਾਅਦ, ਉਹਨਾਂ ਨੇ ਗਰੀਬਾਂ ਲਈ ਫੰਡ ਇਕੱਠਾ ਕਰਨ ਵਿੱਚ ਅੱਗੇ ਵਧਦੇ ਹੋਏ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕੀਤਾ। ਉਹਨਾਂ ਨੇ ਕਾਂਸ਼ੀ ਰਾਮ ਜੀ ਦੇ ਅੰਤਿਮ ਸਸਕਾਰ ਖੁਦ ਕੀਤਾ, ਜੋ ਰਵਾਇਤੀ ਤੌਰ ਤੇ ਪੁਰਸ਼ਾਂ ਦਾ ਕੰਮ ਹੁੰਦਾ ਹੈ, ਇਹ ਜ਼ੋਰ ਦਿੰਦੇ ਹੋਏ ਕਿ ਉਹ ਲਿੰਗ ਭੇਦਭਾਵ ਵਿਰੁੱਧ ਹਨ। ਉਹਨਾਂ ਦੀ ਮਿਹਨਤ ਨੇ ਉਹਨਾਂ ਨੂੰ ੧੯੮੯ ਵਿੱਚ ਬਿਜਨੌਰ ਤੋਂ ਲੋਕ ਸਭਾ ਮੈਂਬਰ ਬਣਾਇਆ ਅਤੇ ਉਹਨਾਂ ਨੂੰ ਪੀ. ਵੀ. ਨਰਸਿਮਹਾ ਰਾਓ ਵਰਗੇ ਪ੍ਰਧਾਨ ਮੰਤਰੀ ਨੇ "ਲੋਕਤੰਤਰ ਦਾ ਅਚੰਭਾ" ਕਿਹਾ। ਉਹਨਾਂ ਨੇ ਬੁੱਧ ਧਰਮ ਅਪਣਾਉਣ ਦੀ ਇੱਛਾ ਵੀ ਜ਼ਾਹਰ ਕੀਤੀ ਹੈ, ਪਰ ਰਾਜਨੀਤਕ ਹਾਲਾਤਾਂ ਕਾਰਨ ਅਜੇ ਨਹੀਂ ਕੀਤਾ। ਉਹਨਾਂ ਦਾ ਸਮਰਪਣ ਦਲਿਤਾਂ, ਪਛੜੇ ਵਰਗਾਂ ਅਤੇ ਘੱਟ ਗਿਣਤੀਆਂ ਲਈ ਲੜਨ ਵਾਸਤੇ ਸਪੱਸ਼ਟ ਹੈ, ਜਿਸ ਨਾਲ ਉਹਨਾਂ ਨੂੰ "ਬਹੇਨਜੀ" (ਭੈਣ ਜੀ) ਵਜੋਂ ਪਿਆਰ ਨਾਲ ਯਾਦ ਕੀਤਾ ਜਾਂਦਾ ਹੈ।



### ਮੁੱਖ ਮੰਤਰੀ ਵਜੋਂ ਕੀਤੇ ਗਏ ਕੰਮ ਅਤੇ ਪ੍ਰਾਪਤੀਆਂ:

ਭੈਣ ਕੁਮਾਰੀ ਮਾਇਆਵਤੀ ਜੀ ਨੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਵਜੋਂ ਚਾਰ ਮੌਕੇ ਸੰਭਾਲੇ: ਪਹਿਲਾ ਮੌਕਾ (੩ ਜੂਨ ੧੯੯੫ ਤੋਂ ੧੮ ਅਕਤੂਬਰ ੧੯੯੫, ਸਮਾਜਵਾਦੀ ਪਾਰਟੀ ਨੂੰ ਛੱਡ ਕੇ ਬੀ.ਜੇ.ਪੀ. ਤੇ ਬਾਕੀ ਸਾਰੀਆਂ ਪਾਰਟੀਆਂ ਦੇ ਬਿਨਾਂ ਸ਼ਰਤ ਸਮਰਥਨ ਨਾਲ) ਦੂਜਾ ਮੌਕਾ (੨੧ ਮਾਰਚ ੧੯੯੭ ਤੋਂ ੨੧ ਸਤੰਬਰ ੧੯੯੭), ਤੀਜਾ (੩ ਮਈ ੨੦੦੨ ਤੋਂ ੨੯ ਅਗਸਤ ੨੦੦੩) ਅਤੇ ਚੌਥਾ ਅਤੇ ਸਭ ਤੋਂ ਲੰਮਾ (੧੩ ਮਈ ੨੦੦੭ ਤੋਂ ੭ ਮਾਰਚ ੨੦੧੨), ਜਦੋਂ ਉਹਨਾਂ ਨੇ ਪਹਿਲੀ ਵਾਰ ਪੂਰੇ ਪੰਜ ਸਾਲ ਪੂਰੇ ਕੀਤੇ – ਇਹ ਯੂ.ਪੀ. ਦੇ ਇਤਿਹਾਸ ਵਿੱਚ ਇੱਕ ਰਿਕਾਰਡ ਹੈ। ਉਹਨਾਂ ਦੇ ਰਾਜ ਵਿੱਚ ਰਾਜ ਦੀ ਜੀ.ਡੀ.ਪੀ. ਵਿਕਾਸ ਰੇਟ ੧੭ ਫੀਸਦੀ ਤੱਕ ਪਹੁੰਚੀ, ਅਪਰਾਧਾਂ ਵਿੱਚ ਕਮੀ ਆਈ ਅਤੇ ਦੰਗੇ ਘੱਟ ਹੋਏ। ਉਹਨਾਂ ਨੂੰ ਨਿਆਂ ਅਤੇ ਵਿਵਸਥਾ ਲਈ ਪ੍ਰਸ਼ੰਸਾ ਵੀ ਮਿਲੀ।

ਉਹਨਾਂ ਦੇ ਰਾਜ ਵਿੱਚ ਕੀਤੇ ਮੁੱਖ ਕੰਮਾਂ ਵਿੱਚ ਸਮਾਜਿਕ ਨਿਆਂ ਅਤੇ ਵੱਖ ਵੱਖ ਕਲਿਆਣ ਯੋਜਨਾਵਾਂ ਸ਼ਾਮਲ ਹਨ:

ਦਲਿਤ ਅਤੇ ਪਛੜੇ ਵਰਗਾਂ ਲਈ ਸਮਾਜਿਕ ਯੋਜਨਾਵਾਂ: ਉਹਨਾਂ ਨੇ ਡਾ. ਅੰਬੇਡਕਰ ਗ੍ਰਾਮ ਵਿਕਾਸ ਯੋਜਨਾ ਸ਼ੁਰੂ ਕੀਤੀ, ਜਿਸ ਨਾਲ ੨੪,੭੧੬ ਅਨੁਸੂਚਿਤ ਜਾਤੀ ਬਹੁਲਤਾ ਵਾਲੇ ਪਿੰਡਾਂ ਵਿੱਚ ਪਾਣੀ, ਵਿਦਿਆ ਅਤੇ ਸੜਕਾਂ ਦਾ ਵਿਕਾਸ ਹੋਇਆ। ੨੦੧੦ ਵਿੱਚ ੫,੫੯੬ ਐੱਸ.ਸੀ./ ਐੱਸ.ਟੀ. ਵਿਅਕਤੀਆਂ ਨੂੰ ਖੇਤੀਬਾੜੀ ਜ਼ਮੀਨ ਵੰਡੀ ਗਈ। ਸੰਤ ਰਵਿਦਾਸ ਕਲਾ ਸਨਮਾਨ ਅਵਾਰਡ ਸ਼ੁਰੂ ਕੀਤਾ ਅਤੇ ਸਵਿਤਰੀ ਬਾਈ ਫੂਲੇ ਬਾਲਿਕਾ ਸਿੱਖਿਆ ਮਦਦ ਯੋਜਨਾ ਅਧੀਨ ੧੦ ਲੱਖ ਮੁਸਲਿਮ ਅਤੇ ਗਰੀਬ ਬਾਲਿਕਾਵਾਂ ਨੂੰ ਸਾਈਕਲਾਂ ਵੰਡੀਆਂ। ਮਹਾਂਮਾਇਆ ਗਰੀਬ ਬਾਲਿਕਾ ਆਸ਼ੀਰਵਾਦ ਯੋਜਨਾ ਅਧੀਨ ਗਰੀਬ ਬਾਲਿਕਾਵਾਂ ਨੂੰ ਵਿਆਹ ਲਈ ਆਰਥਿਕ ਸਹਾਇਤਾ ਦਿੱਤੀ।

ਅਵਕਾਸ਼ ਵਿਕਾਸ: ਯਮੁਨਾ ਐਕਸਪ੍ਰੈਸ ਵੇਅ (੧੬੫ ਕਿਲੋਮੀਟਰ, ਦਿੱਲੀ ਨੂੰ ਆਗਰਾ ਨਾਲ ਜੋੜਦਾ), ਗੰਗਾ ਐਕਸਪ੍ਰੈਸ ਵੇਅ (੧,੦੪੭ ਕਿਲੋਮੀਟਰ, ੩੦,੦੦੦ ਕਰੋੜ ਰੁਪਏ ਦੀ ਲਾਗਤ ਨਾਲ) ਅਤੇ ਨੋਇਡਾ ਮੈਟਰੋ (੫੫੭ ਕਰੋੜ ਰੁਪਏ ਵਿੱਚ) ਦੀ ਸ਼ੁਰੂਆਤ ਕੀਤੀ। ਬੁੱਧ ਇੰਟਰਨੈਸ਼ਨਲ ਸਰਕਟ ਬਣਾਇਆ, ਜਿੱਥੇ ੨੦੧੧ ਵਿੱਚ ਇੰਡੀਅਨ ਗ੍ਰੈਂਡ ਪ੍ਰੀ ਹੋਇਆ। ਗੌਤਮ ਬੁੱਧ ਯੂਨੀਵਰਸਿਟੀ ਅਤੇ ਡਾ. ਸ਼ਕੁੰਤਲਾ ਮਿਸ਼ਰਾ ਨੈਸ਼ਨਲ ਰੀਹੈਬਿਲਟੇਸ਼ਨ ਯੂਨੀਵਰਸਿਟੀ (ਵਿਕਲਾਂਗ ਵਿਦਿਆਰਥੀਆਂ ਲਈ) ਸਥਾਪਿਤ ਕੀਤੀ।

ਕਲਿਆਣ ਅਤੇ ਸਿਹਤ ਸੇਵਾਵਾਂ: ਮਾਨੇਵਾਰ ਸ੍ਰੀ ਕਾਂਸ਼ੀ ਰਾਮ ਜੀ ਸ਼ਹਿਰੀ ਗਰੀਬ ਆਵਾਸ ਯੋਜਨਾ ਅਧੀਨ ੯੦,੦੦੦ ਸਸਤੇ ਘਰ ਬਣਵਾਏ। ਲਖਨਊ ਵਿੱਚ ੬੩.੫ ਕਰੋੜ ਰੁਪਏ ਦਾ ਸੈਂਟੇਨਰੀ ਹਸਪਤਾਲ ਅਤੇ ਗ੍ਰੇਟਰ ਨੋਇਡਾ ਵਿੱਚ ੫੦੦ ਕਰੋੜ ਰੁਪਏ ਦਾ ਕਾਂਸ਼ੀ ਰਾਮ ਮਲਟੀ-ਸਪੈਸ਼ਲਿਟੀ ਹਸਪਤਾਲ ਖੋਲ੍ਹਿਆ। ਡਾਕਟਰਾਂ ਦੀ ਤਨਖਵਾਹ ਵਧਾਈ ਅਤੇ ਚੀਨੀ ਵਪਾਰ ਲਈ ਆਧੁਨਿਕ ਵੈੱਬਸਾਈਟ ਬਣਾਈ।

ਦਲਿਤ ਜਾਗ੍ਰਤੀ ਅਤੇ ਸਮਾਰਕ: ਅੰਬੇਡਕਰ ਮੈਮੋਰੀਅਲ ਪਾਰਕ (੨੦੧੨ ਵਿੱਚ ਖੋਲ੍ਹਿਆ), ਰਾਸ਼ਟਰੀਆ ਦਲਿਤ ਪ੍ਰੇਰਨਾ ਸਥਲ ਅਤੇ ਕਾਂਸ਼ੀ ਰਾਮ ਗ੍ਰੀਨ ਈਕੋ ਗਾਰਡਨ (੨੦੧੧ ਵਿੱਚ) ਵਰਗੇ ਸਮਾਰਕ ਬਣਵਾਏ, ਜਿਨ੍ਹਾਂ ਵਿੱਚ ਦਲਿਤ ਨੇਤਾਵਾਂ ਦੀਆਂ ਮੂਰਤੀਆਂ ਸਥਾਪਤ ਕੀਤੀਆਂ। ਇਹਨਾਂ ਤੇ ੨,੫੦੦ ਤੋਂ ੬,੦੦੦ ਕਰੋੜ ਰੁਪਏ ਖਰਚ ਕੀਤੇ ਗਏ, ਜੋ ਦਲਿਤ ਵਿਰਾਸਤ ਨੂੰ ਜੀਵੰਤ ਕਰਨ ਲਈ ਸੀ। ਉਹਨਾਂ ਨੇ ਨਿੱਜੀ ਖੇਤਰ ਵਿੱਚ ੩੦ ਫੀਸਦੀ ਰਿਜ਼ਰਵੇਸ਼ਨ ਅਤੇ ਪ੍ਰਮੋਸ਼ਨਾਂ ਵਿੱਚ ਕੋਟੇ ਦੀ ਵਕਾਲਤ ਵੀ ਕੀਤੀ।

ਭੈਣ ਕੁਮਾਰੀ ਮਾਇਆਵਤੀ ਜੀ ਦੇ ਯੋਗਦਾਨ ਨੇ ਉੱਤਰ ਪ੍ਰਦੇਸ਼ ਨੂੰ ਇੱਕ ਨਵਾਂ ਰੂਪ ਦਿੱਤਾ ਅਤੇ ਦਲਿਤਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਹਨਾਂ ਦੀ ਵਿਰਾਸਤ ਅੱਜ ਵੀ ਪ੍ਰੇਰਨਾ ਦਾ ਸਰੋਤ ਹੈ, ਜੋ ਸਾਬਤ ਕਰਦੀ ਹੈ ਕਿ ਮਿਹਨਤ ਅਤੇ ਸਮਰਪਣ ਨਾਲ ਕੁਝ ਵੀ ਅਸੰਭਵ ਨਹੀਂ। ਜੈ ਭੀਮ! ਜੈ ਭਾਰਤ !

# ਜਿਲ੍ਹਾ ਬਾਰ ਐਸੋਸੀਏਸ਼ਨ ਮਾਨਸਾ ਵੱਲੋਂ ਲੋਹੜੀ ਦਾ ਪਵਿੱਤਰ ਤਿਉਹਾਰ ਧੂਮਧਾਮ ਨਾਲ ਮਾਨਇਆ ਗਿਆ।

## ਤਿਉਹਾਰ ਸਾਨੂੰ ਭਾਈਚਾਰ ਸਾਝ ਅਤੇ ਸ਼ਾਤੀ ਦਾ ਸੁਨੇਹਾ ਦਿੰਦੇ ਹਨ ਜਿਲ੍ਹਾ ਸੈਸ਼ਨ ਜੱਜ ਮਨਜਿੰਦਰ ਸਿੰਘ

"Equality and justice"
Patiala 14 January
INTERNATIONAL PAPER, 9463601616
hardipchumber57@gmail.com



ਮਾਨਸਾ( ਡਾ ਸੰਦੀਪ ਘੰਡ) ਜਿਲ੍ਹਾ ਬਾਰ ਐਸੋਸੀਏਸ਼ਨ ਮਾਨਸਾ ਵੱਲੋਂ ਲੋਕ ਭਲਾਈ,ਸਭਿਆਚਾਰਕ ਅਤੇ ਭਾਈਚਾਰਕ ਸਾਝ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖਦੇ ਹੋਏ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲੋਹੜੀ ਦਾ ਪਵਿੱਤਰ ਅਤੇ ਧਾਰਮਿਕ ਤਿਉਹਾਰ ਬਾਰ ਐਸੋਸੀਏਸ਼ਨ ਦੇ ਖੁੱਲ੍ਹੇ ਵਿਹੜੇ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਲੋਹੜੀ ਸਮਾਗਮ ਦੀ ਸ਼ੁਰੂਆਤ ਜਿਲ੍ਹਾ ਅਤੇ ਸੈਸ਼ਨ ਜੱਜ ਸ਼੍ਰੀ ਮਨਜਿੰਦਰ ਸਿੰਘ ਵੱਲੋਂ ਲੋਹੜੀ ਨੂੰ ਅਗਨੀ ਭੇਟ ਕਰਕੇ ਕੀਤੀ ਗਈ।ਉਹਨਾਂ ਇਸ ਮੌਕੇ ਬੋਲਿਦਆਂ ਸਮੂਹ ਵਕੀਲ ਭਾਈਚਾਰੇ ਨੂੰ ਲੋਹੜੀ ਦੀਆਂ ਦਿਲੋਂ ਵਧਾਈਆਂ ਦਿੱਤੀਆਂ ਅਤੇ ਸਾਰੇ ਸਮਾਜ ਲਈ ਸੁੱਖ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ।

ਉਹਨਾਂ ਨਾਲ ਇਸ ਮੌਕੇ ਅਡੀਸ਼ਨਲ ਜਿਲ੍ਹਾ ਅਤੇ ਸੈਸ਼ਨ ਜੱਜ ਗੁਰਮੋਹਨ ਸਿੰਘ ਅਤੇ ਮੈਡਮ ਮਨਦੀਪ ਕੌਰ ਤੋਂ ਇਲਾਵਾ ਪ੍ਰਿੰਸੀਪਲ ਜੱਜ ਫੈਮਲੀ ਕੋਰਟ ਮੈਡਮ ਦੀਪਤੀ ਗੋਇਲ ਚੀਫ ਜੁਡੀਸ਼ਲ ਮਜਿਸਟਰੇਟ ਰਵਨੀਤ ਸਿੰਘ,ਰਜਿੰਦਰ ਸਿੰਘ ਨਾਗਪਾਲ, ਕਰਨ ਅਗਰਵਾਲ,ਜਸਪ੍ਰੀਤ ਕੌਰ ਅਤੇ ਨਵਕਿਰਨ ਕੌਰ ਸਮੂਹ ਜੱਜ ਸਾਹਿਬਾਨ ਸਿਵਲ ਜੱਜ ਅੰਕਿਤ ਐਰੀ, ਬਲਕਾਰ ਸਿੰਘ,ਹਰਜੋਬਨ ਗਿੱਲ ਵੱਲੋਂ ਸਮਾਗਮ ਵਿੱਚ ਸ਼ਮੂਲੀਅਤ ਕਰਦਿਆਂ ਬਾਰ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਸਮਾਗਮ ਦੀ ਸ਼ਲਾਘਾ ਕੀਤੀ।ਸਮੂਹ ਜੱਜ ਸਾਹਿਬਾਨ ਵੱਲੋਂ ਅਗਨੀ ਵਿੱਚ ਤਿਲ ਪਾਕੇ ਪਰੰਪਰਾਗਤ ਰਸਮ ਅਦਾ ਕੀਤੀ ਗਈ। ਜਿਲ੍ਹਾ ਅਟਾਰਨੀ, ਸਹਾਇਕ ਜਿਲ੍ਹਾ ਅਟਾਰਨੀ, ਸਮੂਹ ਸਰਕਾਰੀ ਵਕੀਲਾਂ ਅਤੇ ਲੋਕ ਅਦਾਲਤ ਦੇ ਜੱਜ ਸਾਹਿਬਾਨ ਵੱਲੋਂ ਵੀ ਅਗਨੀ ਵਿੱਚ ਤਿਲ ਪਾਕ ਕੇ ਸ਼ਗਨ ਕੀਤਾ ਗਿਆ। ਇਸ ਤੋਂ ਬਾਅਦ ਸਮੂਹ ਵਕੀਲਾਂ ਵੱਲੋਂ ਵੀ ਅਗਨੀ ਵਿੱਚ ਤਿਲ ਪਾ ਕੇ ਲੋਹੜੀ ਦੀ ਰਸਮ ਪੂਰੀ ਕੀਤੀ ਗਈ।

ਪ੍ਰੋਗਰਾਮ ਦੌਰਾਨ ਸੀਨੀਅਰ ਐਡਵੋਕੇਟ ਵਿਜੇ ਸਿੰਗਲਾ,ਸੂਰਜ ਕੁਮਾਰ ਛਾਬੜਾ,ਗੁਰਲਾਭ ਸਿੰਘ ਮਾਹਲ,ਕਾਕਾ ਸਿੰਘ ਮਠਾੜੂ,ਨਵਦੀਪ ਸ਼ਰਮਾ,ਹਰਪ੍ਰੀਤ ਸਿੰਘ, ਅੰਗਰੇਜ ਸਿੰਘ ਕਲੇਰ ਉਮਕਾਰ ਸਿੰਘ ਮਿੱਤਲ,ਕੁਲਦੀਪ ਪਰਮਾਰ,ਨਵਲ ਕੁਮਾਰ ਗੋਇਲ, ਸੁਰਿੰਦਰ ਪਾਲ ਗਰਗ ਐਡਵੋਕੇਟ ਅਮਨੀਤ ਕੌਰ,ਨੇ ਸ਼ਮੂਲੀਅਤ ਕਰਦਿਆਂ ਵੱਖ ਵੱਖ ਸਾਹਿਤਕ ਵੰਨਗੀਆਂ ਪੇਸ਼ ਕਰਦਿਆਂ ਲੋਹੜੀ ਦੀ ਦੁਪਿਹਰ ਨੂੰ ਰੰਗੀਨ ਬਣਾ ਦਿੱਤਾ।

ਬਾਰ ਐਸੋਈਸ਼ਨ ਦੇ ਸਕੱਤਰ ਮਨਜਿੰਦਰ ਸਿੰਘ ਵੱਲੋਂ ਮੰਚ ਸੰਚਾਲਨ ਦੀ ਕਾਰਵਾਈ ਨਿਭਾਈ ਗਈ।ਜਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਦਾਸ ਸਿੰਘ ਵੱਲੋਂ ਸਮੂਹ ਜੱਜ ਸਹਿਬਾਨ ਅਤੇ ਹਾਜਰ ਵਕੀਲਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਲੋਹੜੀ ਅਤੇ ਮਾਘੀ ਦਾ ਪਵਿੱਤਰ ਤਿਉਹਾਰ ਜਿਥੇ ਸਾਨੂੰ ਸ਼ਾਤੀ ਦਾ ਸੰਦੇਸ਼ ਦਿੰਦਾ ਉਸ ਨਾਲ ਭਾਈਚਾਰਕ ਸਾਝ ਵੀ ਬਣੀ ਰਹਿੰਦੀ ਹੈ।ਬਾਰ ਦੇ ਮੀਤ ਪ੍ਰਧਾਨ ਹਰਿੰਦਰ ਸ਼ਰਮਾਂ ਨੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਧੰਨਵਾਦ ਕੀਤਾ।

ਸਮਾਗਮ ਦੇ ਅੰਤ ਵਿੱਚ ਐਡਵੋਕੇਟ ਡਾ. ਸੰਦੀਪ ਘੰਡ ਵੱਲੋਂ ਮਾਨਸਿਕ ਚਿੰਤਾ ਅਤੇ ਤਣਾਅ ਤੋਂ ਮੁਕਤੀ ਸਬੰਧੀ ਆਪਣੀ ਕਿਤਾਬ 'ਮਾਨਸਿਕ ਚਿੰਤਾ 'ਤੇ ਕਿਵੇਂ ਕਾਬੂ ਪਾਈਏ"(ਚਰਣੲ ੈਰ ੰਨਿਦ – ੍ਹੋਾ ਟੋ ੋਵੲਰਚੋਮੲ ੰਣਣਟੲਿਲ ਠੲਨਸਿਨ)"ਸਮਾਗਮ ਵਿੱਚ ਹਾਜਰ ਜਿਲ੍ਹਾ ਅਤੇ ਸੈਸ਼ਨ ਜੱਜ ਅਤੇ ਬਾਕੀ ਜੱਜ ਸਾਹਿਬਾਨ ਨੂੰ ਭੇਟ ਕੀਤੀ ਗਈ।

# ਜ਼ਿਲ੍ਹਾ ਜਲੰਧਰ ਦਿਹਾਤੀ ਉੱਤਰੀ ਦੇ ਸੰਗਠਨਾਤਮਿਕ ਢਾਂਚੇ ਨੂੰ ਮੁੱਖ ਰੱਖਦਿਆਂ ਪਾਰਟੀ ਹਾਈ ਕਮਾਨ ਦੇ ਦਿਸ਼ਾ ਨਿਰਦੇਸ਼ਾ ਸਦਕਾ, ਬਹੁਤ ਦਿਨ ਤਰਕ ਕਰਨ ਤੇ ਬਾਅਦ ਪਾਰਟੀ ਦੇ ਮੰਡਲ ਪ੍ਰਧਾਨਾਂ ਨੂੰ ਨਿਯੁਕਤ ਕੀਤਾ

"Equality and justice"
Patiala 14 January
INTERNATIONAL PAPER, 9463601616
hardipchumber57@gmail.com




ਫਿਲੌਰ/ਅੱਪਰਾ 14 ਜਨਵਰੀ (ਦੀਪਾ)-ਇਸ ਮੌਕੇ ਡੂੰਘੇ ਸੰਗਠਨਾਤਮਿਕ ਸੋਚ ਦੇ ਮਾਲਕ ਵੱਡੇ ਵੀਰ ਜੀਵਨ ਗਰਗ ਜੀ ਦਾ ਜਿਲ੍ਹੇ ਨੂੰ ਗਠਿਤ ਕਰਨ ਲਈ ਵਿਸ਼ੇਸ਼ ਯੋਗਦਾਨ ਰਿਹਾ । ਮੈ ਉਹਨਾ ਦਾ ਆਪਣੀ ਟੀਮ ਵਲੋ ਧੰਨਵਾਦ ਕਰਦਾ ਹਾਂ।

### ਵਿਧਾਨ ਸਭਾ ਫਿਲੌਰ

ਪਾਰਟੀ ਵਿੱਚ ਨਵੇ ਨਿਯੁਕਤ ਕੀਤੇ ਮੰਡਲਾਂ ਅਤੇ ਨਵੇ ਆਹੁਦੇ ਨਾਲ ਨਿਵਾਜੇ ਗਏ ਪ੍ਰਧਾਨਾਂ ਦਾ ਵੇਰਵਾ

ਗੁਰਾਇਆ ਮੰਡਲ ਤੋਂ ਵਿਪਨ ਸ਼ਰਮਾਂ, ਦੁਸਾਂਝ ਕਲਾਂ ਮੰਡਲ ਤੋਂ ਰਾਜੀਵ ਪਰਾਸ਼ਰ, ਰੁਕੜਾ ਮੰਡਲ ਤੋਂ ਪ੍ਰੀਤੀ ਢੰਡਾ , ਪ੍ਰਤਾਪ ਪੁਰਾ ਮੰਡਲ ਤੋਂ ਰਾਮ ਰਾਜ ਬਿਰਦੀ ਅੱਪਰਾ ਤੇ ਅਵਿਸ਼ੇਕ ਸਿੰਘ ।

### ਵਿਧਾਨ ਸਭਾ ਕਰਤਾਰਪੁਰ

ਬੱਲਾ ਮੰਡਲ ਤੇ ਅਜੀਤ ਸਿੰਘ , ਪੰਚਰੰਗਾ ਮੰਡਲ ਤੋਂ ਬਲਵੰਤ ਸਿੰਘ ਕਾਹਲੋ, ਲਾਂਬੜਾ ਤੋਂ ਡਾਕਟਰ ਕੁਲਦੀਪ ਮਾਹੀ , ਲਾਂਬੜਾ ਟੂ ਤੋਂ ਬਲਵੀਰ ਸਿੰਘ , ਜੰਡੂ ਸਿੰਘਾ ਮੰਡਲ ਤੋਂ ਤਜੇਸ਼ ਕੁਮਾਰ ।

### ਵਿਧਾਨਸਭਾਆਦਮਪੁਰ

ਕਠਾਰ ਮੰਡਲ ਤੋਂ ਪਲਵਿੰਦਰ ਸਿੰਘ , ਆਦਮਪੁਰ ਮੰਡਲ ਤੇ ਪਰਮਿੰਦਰ ਕੁਮਾਰ , ਪਤਾਰਾ ਮੰਡਲ ਤੋਂ ਡਾ ਜਸਵੀਰ ਕੋਟਲੀ , ਅਲਾਵਲਪੁਰ ਤੋਂ ਨਿਸ਼ਾ ਬੇਰੀ ਅਤੇ ਭੋਗਪੁਰ ਤੋਂ ਸਰਬਜੀਤ ਸਿੰਘ ਗਿਲ

ਉਪਰੋਕਤ ਪ੍ਰਧਾਨਾ ਨੂੰ ਪਾਰਟੀ ਨੇ ਆਹੁਦੇ ਨਾਲ ਨਿਵਾਜਿਆ

ਸਾਰੀ ਟੀਮ ਨੂੰ ਬਹੁਤ ਬਹੁਤ ਵਧਾਈ

ਇਸ ਮੌਕੇ ਸਤਿਕਾਰਯੋਗ ਜੀਵਨ ਗਰਗ ਜੀ ਤੇ ਇਲਾਵਾ ਮੇਰੇ ਨਾਲ ਮਹਾਂ ਮੰਤਰੀ ਮਨਮੀਤ ਸਿੰਘ ਵਿੱਕੀ , ਚੰਦਰਸ਼ੇਖਰ ਚੌਹਾਨ ਮੈਂਬਰ ਕਾਰਜਕਰਣੀ ਪੰਜਾਬ , ਡਾ ਮੁਕੇਸ਼ ਦਾਦਰਾ ਕਾਰਜਕਰਣੀ ਮੈਂਬਰ ਪੰਜਾਬ , ਤਰਸੇਮ ਰੁਪਾਣਾ ਬੇਮੁਕਤ ਜਾਤੀਆਂ ਪ੍ਰਧਾਨ ਪੰਜਾਬ , ਅਜੇ ਪੁੰਜ ਜਿਲ੍ਹਾ ਸੋਸਲ ਮੀਡੀਆ ਇਚਾਰਜ , ਸੁਰਿੰਦਰ ਮਹਿਸਮਪੁਰੀ ਦਫ਼ਤਰ ਸੈਕਟਰੀ SC ਮੋਰਚਾ ਪੰਜਾਬ ਤੋਂ ਇਲਾਵਾ ਹੋਰ ਆਹੁਦੇਦਾਰ ਮੌਜੂਦ ਸਨ

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਬੀਮਾ ਕਰਵਾਉ, ਪਰ ਐਮਰਜੈਂਸੀ ਹਾਲਾਤਾਂ ਤੋਂ ਬਚਣ ਲਈ ਜਾਗਰੂਕ ਰਹੋਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

ਰਾਸ਼ਟਰੀ ਸੜਕ ਸੁਰੱਖਿਆ ਜਾਗਰੂਕਤਾ ਮਹੀਨੇ ਦੌਰਾਨ ਹਰੇਕ ਅਦਾਰੇ ਅਤੇ ਸੰਸਥਾਵਾਂ ਵਲੋਂ ਆਪਣੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਆਵਾਜਾਈ ਸੁਰੱਖਿਆ, ਪੀੜਤਾਂ ਦੀ ਮਦੱਦ ਕਰਨ ਸਬੰਧੀ ਜਾਗਰੂਕ ਕਰਨ ਲਈ ਪੰਜਾਬ ਪੁਲਿਸ, ਆਵਾਜਾਈ ਸਿੱਖਿਆ ਸੈਲ ਦੇ ਵਿਸ਼ਾ ਮਾਹਿਰਾਂ ਰਾਹੀਂ ਯਤਨ ਕੀਤੇ ਜਾ ਰਹੇ ਹਨ, ਇਸੇ ਸਬੰਧ ਵਿੱਚ ਆਈ ਸੀ ਆਈ ਸੀ ਪਰੂਡੈਂਸੀਅਲ ਲਾਈਫ ਇੰਨਸ਼ੋਰੈਂਸ ਪਟਿਆਲਾ ਵਿਖੇ ਇੰਸਪੈਕਟਰ ਸਰਬਜੀਤ ਕੌਰ ਅਤੇ ਏ ਐਸ ਆਈ ਰਾਮ ਸਰਨ, ਆਵਾਜਾਈ ਸਿੱਖਿਆ ਸੈਲ ਵਲੋਂ ਆਵਾਜਾਈ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ, ਚੰਗੀ ਕਿਸਮ ਦੇ ਹੈਲਮਟ, ਸ਼ੀਟ ਬੈਲਟਾਂ, ਸੁਰਖਿਅਤ ਵ੍ਹੀਕਲ, ਦੀ



ਜਾਣਕਾਰੀ ਦਿੱਤੀ ਅਤੇ ਬੇਨਤੀ ਕੀਤੀ ਕਿ ਨਿਯਮਾਂ, ਕਾਨੂੰਨਾਂ ਦੀ ਹਮੇਸ਼ਾ ਪਾਲਣਾ ਕਰਕੇ, ਆਪਣੀ ਜ਼ਿੰਦਗੀ, ਪਰਿਵਾਰਾਂ ਅਤੇ ਗਾਹਕਾਂ ਨੂੰ ਸੁਰੱਖਿਅਤ, ਸਿਹਤਮੰਦ, ਖੁਸ਼ਹਾਲ, ਉੱਨਤ ਰਖਣ ਲਈ ਜਾਗਰੂਕ ਕਰਨਾ, ਕੰਪਨੀਆਂ ਅਤੇ ਗਾਹਕਾਂ ਦੇ ਹਿੱਤਾਂ ਲਈ ਲਾਭਦਾਇਕ ਹੈ। ਇਸ ਮੌਕੇ ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਅਤੇ ਰੈੱਡ ਕਰਾਸ ਦੇ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਸ਼੍ਰੀ ਕਾਕਾ ਰਾਮ ਵਰਮਾ ਨੇ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਅੱਗਾਂ ਬੁਝਾਉਣ ਲਈ ਸਿਲੰਡਰਾਂ, ਪਾਣੀ, ਮਿੱਟੀ, ਅੱਗ ਨੂੰ ਭੁੱਖਾ ਮਾਰਨਾ ਅਤੇ ਹੈਲਪ ਲਾਈਨ ਨੰਬਰਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ। ਉਨ੍ਹਾਂ ਨੇ ਕਿਹਾ ਕਿ ਭਵਿੱਖ ਵਿੱਚ ਐਮਰਜੈਂਸੀ ਹਾਲਾਤਾਂ ਤੋਂ ਬਚਣ ਲਈ ਬੀਮਾ ਜ਼ਰੂਰ ਕਰਵਾਉ ਪਰ ਐਮਰਜੈਂਸੀ ਹਾਲਾਤਾਂ ਵਿੱਚ ਜਾਣ ਤੋਂ ਬਚਣ ਲਈ ਸੇਫਟੀ, ਬਚਾਓ, ਫਸਟ ਏਡ ਕਰਨ ਦੇ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਫਸਟ ਏਡ, ਸੀ ਪੀ ਆਰ, ਰਿਕਵਰੀ/ ਵੈਂਟੀਲੈਟਰ ਪੁਜੀਸ਼ਨ, ਜ਼ਖਮੀਆਂ ਦੀ ਸੇਵਾ ਸੰਭਾਲ, ਫਾਇਰ ਸੇਫਟੀ ਕਰਕੇ, ਜਿਥੇ ਇੱਕ ਪਰਿਵਾਰ ਨੂੰ ਤਬਾਹੀਆਂ ਤੋਂ ਬਚਾਇਆ ਜਾ ਸਕਦਾ ਉਥੇ ਬੀਮਾ ਕੰਪਨੀਆਂ ਦੇ ਲੱਖਾਂ ਕਰੋੜਾਂ ਰੁਪਏ ਵੀ ਬਚਾਏ ਜਾ ਸਕਦੇ ਹਨ। ਮੈਨੇਜਰ 11, ਕਰੇਵੀ ਖੰਨਾ, ਲਲਿਤ ਕੁਮਾਰ ਸੀਨੀਅਰ ਸਹਾਇਕ, ਰਾਜਨ ਕੁਮਾਰ, ਸੌਰਭ ਨਾਗਰੂ, ਗੁਰਪ੍ਰੀਤ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਹਰੇਕ ਨਾਗਰਿਕ ਨੂੰ ਭਵਿੱਖ ਦੀ ਸੁਰੱਖਿਆ ਲਈ ਬੀਮੇ ਕਰਵਾਉਣ ਦੇ ਲਾਭ ਦਸਦੇ ਹੋਏ, ਉਨ੍ਹਾਂ ਨੂੰ ਆਪਣੀ, ਜ਼ਿੰਦਗੀ ਅਤੇ ਪ੍ਰਾਪਰਟੀਆਂ ਦੀ ਸੁਰੱਖਿਆ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਜਾਗਰੂਕ ਕੀਤਾ ਜਾਂਦਾ ਹੈ। ਹਿੱਤ ਹਰੇਕ ਵਿਦਿਆਰਥੀ, ਨਾਗਰਿਕ ਕਰਮਚਾਰੀ ਨੂੰ ਆਵਾਜਾਈ ਨਿਯਮਾਂ ਕਾਨੂੰਨਾਂ ਦੀ ਜਾਣਕਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਪੰਜਾਬ ਪੁਲਿਸ ਦੇ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਜੇਕਰ ਲੋਕਾਂ ਵਲੋਂ ਨਿਯਮਾਂ, ਕਾਨੂੰਨਾਂ, ਅਸੂਲਾਂ ਫਰਜ਼ਾਂ ਦੀ ਪਾਲਣਾ ਕੀਤੀ ਜਾਵੇ ਤਾਂ ਹਾਦਸੇ ਅਤੇ ਘਟਨਾਵਾਂ ਰੁਕ ਸਕਦੀਆਂ ਹਨ। ਜਿਸ ਨਾਲ ਸਰਕਾਰਾਂ ਦੇ ਕਰੋੜਾਂ, ਅਰਬਾਂ ਰੁਪਏ ਵੀ ਬਚਾਏ ਜਾ ਸਕਦੇ ਹਨ।

# ਪੀ.ਐਚ.ਸੀ ਘੜੂੰਆਂ ਵਿੱਚ 'ਧੀਆਂ ਦੀ ਲੋਹੜੀ' ਸਮਾਰੋਹ — ਲੋਹੜੀ ਦੇ ਤਿਉਹਾਰ ਦੌਰਾਨ ਨਵੀਂ ਮਾਵਾਂ ਨੂੰ ਕੰਬਲ ਵੰਡੇ ਗਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

ਖਰੜ, 13 ਜਨਵਰੀ:- ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦੀਆਂ ਅਗਵਾਈ ਵਿੱਚ ਰਾਜ ਭਰ ਦੇ ਸਿਹਤ ਸੰਸਥਾਵਾਂ ਵਿੱਚ ਲੋਕ-ਸੰਸਕ੍ਰਿਤੀ ਨਾਲ ਜੁੜੇ ਸਮਾਰੋਹ ਸਤਿਕਾਰ ਸਮੇਤ ਮਨਾਏ ਜਾ ਰਹੇ ਹਨ। ਇਸ ਕੜੀ ਵਿੱਚ ਪੰਜਾਬ ਦੇ ਸਿਹਤ ਵਿਭਾਗ ਵੱਲੋਂ ਮਹਿਲਾਵਾਂ ਦੀ ਭਲਾਈ, ਸੁਰੱਖਿਆ ਅਤੇ ਜਾਗਰੂਕਤਾ ਉੱਤੇ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਜ਼ਿਲ੍ਹਾ ਮੋਹਾਲੀ ਦੀ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੀਤ ਮੋਹਨ ਸਿੰਘ ਖੁਰਾਣਾ



ਦੀ ਰਹਿਨੁਮਾਈ ਹੇਠ ਪੀ.ਐਚ.ਸੀ ਘੜੂੰਆਂ ਵਿੱਚ 'ਧੀਆਂ ਦੀ ਲੋਹੜੀ' ਥੀਮ ਤਹਿਤ ਵਿਸ਼ੇਸ਼ ਪ੍ਰੋਗਰਾਮ ਲੋਹੜੀ ਦੇ ਤਿਉਹਾਰ ਦੌਰਾਨ ਆਯੋਜਿਤ ਕੀਤਾ ਗਿਆ।

ਇਸ ਸਮਾਗਮ ਵਿੱਚ ਮੈਡੀਕਲ ਅਫ਼ਸਰ ਡਾ.ਸਰੋਜ, ਡਾ.ਪਰਮਿੰਦਰ ਭੱਟੀ, ਡਾ.ਰਾਹੁਲ, ਡਾ.ਅਮਨ ਸਮੇਤ ਹੋਰ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਮੌਜੂਦ ਰਿਹਾ। ਲੋਹੜੀ ਦੇ ਤਿਉਹਾਰ ਨੂੰ ਧੀਆਂ ਦੇ ਸਨਮਾਨ ਨੂੰ ਸਮਰਪਿਤ ਕਰਦੇ ਹੋਏ ਸਮਾਜ ਵਿਚ ਬੇਟੀਆਂ ਦੀ ਮਹੱਤਾ, ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਬਾਰੇ ਜਾਗਰੂਕਤਾ ਫੈਲਾਈ ਗਈ। ਇਸ ਮੌਕੇ ਨਵੀਂ ਮਾਵਾਂ ਨੂੰ ਤੋਹਫੇ ਵਜੋਂ ਕੰਬਲ ਵੀ ਵੰਡੇ ਗਏ, ਜਿਸ ਨਾਲ ਸਮਾਗਮ ਦੀ ਗਰਿਮਾ ਹੋਰ ਵਧ ਗਈ।

ਮੌਕੇ 'ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੀਤ ਮੋਹਨ ਸਿੰਘ ਖੁਰਾਣਾ ਨੇ ਕਿਹਾ ਕਿ ਲੋਹੜੀ ਸਾਡੇ ਸਭਿਆਚਾਰ ਦਾ ਮਹੱਤਵਪੂਰਨ ਹਿੱਸਾ ਹੈ ਅਤੇ ਇਸਨੂੰ 'ਧੀਆਂ ਦੀ ਲੋਹੜੀ' ਵਜੋਂ ਮਨਾਉਂਦੇ ਹੋਏ ਅਸੀਂ ਸਮਾਜ ਨੂੰ ਇਹ ਸੁਨੇਹਾ ਦੇ ਰਹੇ ਹਾਂ ਕਿ ਧੀਆਂ ਸਿਰਫ਼ ਪਰਿਵਾਰ ਦੀ ਖੁਸ਼ੀ ਨਹੀਂ, ਸਗੋਂ ਦੇਸ਼ ਦੀ ਮਾਣ ਹਨ। ਮਹਿਲਾਵਾਂ ਦੀ ਸਿਹਤ, ਸੁਰੱਖਿਆ ਅਤੇ ਸਨਮਾਨ ਨੂੰ ਤਰਜੀਹ ਦੇਣਾ ਸਾਡਾ ਨੈਤਿਕ ਫਰਜ਼ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ ਨਵੀਂ ਮਾਵਾਂ ਦੀ ਸਿਹਤ ਅਤੇ ਦੇਖਭਾਲ ਲਈ ਪੀ.ਐਚ.ਸੀ ਪੱਧਰ ਤੇ ਕਈ ਸਿਹਤ ਸੇਵਾਵਾਂ ਉਪਲਬਧ ਹਨ, ਅਤੇ ਇਸ ਤਰ੍ਹਾਂ ਦੇ ਸਮਾਗਮ ਜਾਗਰੂਕਤਾ ਵਧਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ।

ਇਸ ਪ੍ਰੋਗਰਾਮ ਦੌਰਾਨ ਸਟਾਫ ਵੱਲੋਂ ਮਹਿਲਾਵਾਂ ਦੀ ਸਿਹਤ, ਪੋਸ਼ਣ ਅਤੇ ਸਿਹਤ ਵਿਭਾਗ ਦੀਆਂ ਸਰਕਾਰੀ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

# ਸਾਲਾਨਾ ਧਾਰਮਿਕ ਸਮਾਗਮ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

ਸੰਗਰੂਰ,14 ਜਨਵਰੀ (ਜਗਸੀਰ ਸਿੰਘ) - ਨੇੜਲੇ ਪਿੰਡ ਫਤਿਹਗੜ੍ਹ ਛੰਨਾ ਵਿਖੇ ਸੰਤ ਬਾਬਾ ਜੰਡੀ ਵਾਲਿਆਂ ਦੇ ਸਥਾਨ ਤੇ ਬਾਬਾ ਗੁਲਜ਼ਾਰ ਸਿੰਘ ਦੀ ਅਗਵਾਈ ਵਿੱਚ ਹਰ ਸਾਲ ਦੀ ਤਰ੍ਹਾਂ ਸਮੂਹ ਪਿੰਡ



ਫਤਿਹਗੜ੍ਹ ਛੰਨਾ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ । ਇਸ ਮੌਕੇ ਭਾਈ ਰਾਜਵੀਰ ਸਿੰਘ ਰੰਗੀਲਾ ਵੱਲੋਂ ਤਿੰਨੇ ਦਿਨ ਗੁਰਮਤਿ ਵਿਚਾਰਾਂ ਸੰਗਤਾਂ ਨਾਲ ਸਾਂਝੀਆ ਕੀਤੀਆਂ ਗਈਆਂ । ਇਸ ਸਮੇਂ ਬਾਬਾ ਗੁਲਜ਼ਾਰ ਸਿੰਘ ਜੀ ਪਾਠੀ ਸਿੰਘਾਂ ਸਿਰਪਾਓ ਦੇ ਸਨਮਾਨ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਰੀ, ਹਰਮਨ ਸਿੰਘ, ਹਰਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਕੋਮਲਪ੍ਰੀਤ ਸਿੰਘ, ਦੀਦਾਰ ਸਿੰਘ ,ਸੁਖਚੈਨ ਸਿੰਘ ਅਤੇ ਸਮੂਹ ਨਗਰ ਨਿਵਾਸੀ ਮੌਜੂਦ ਸਨ।

# ਨਿਰਪੱਖ ਵੈਲਫੇਅਰ ਸੋਸਾਇਟੀ ਰਜਿ. ਵੱਲੋਂ ਧੀਆਂ ਦੀ ਲੋਹੜੀ ਦਾ ਤਿਉਹਾਰ ਮਨਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

13 ਜਨਵਰੀ ਨੂੰ ਨਿਰਪੱਖ ਵੈਲਫੇਅਰ ਸੋਸਾਇਟੀ ਰਜਿ. ਵੱਲੋਂ ਧੀਆਂ ਦੀ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਗਰੀਬ ਅਤੇ ਲੋੜਵੰਦ ਛੋਟੀਆਂ ਬੱਚੀਆਂ ਨੂੰ ਗਰਮ ਕੰਬਲ ਅਤੇ ਲੋਹੜੀ ਦਾ ਸਮਾਨ ਦੇ ਕੇ ਲੋਹੜੀ ਦੀਆਂ ਖੁਸ਼ੀਆਂ ਵੰਡੀਆਂ ਗਈਆਂ।

ਇਸ ਮੌਕੇ ਮੁੱਖ ਮਹਿਮਾਨ ਮੇਅਰ ਕੁੰਦਨ ਗੋਗੀਆ ਜੀ ਅਤੇ ਯੂਥ ਕਾਂਗਰਸ ਪ੍ਰਧਾਨ ਤੇ ਐਮ ਸੀ ਸੰਜੀਵ ਸ਼ਰਮਾ ਕਾਲੂ ਜੀ ਨੂੰ ਨਿਰਪੱਖ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਅਮਰਜੀਤ ਸਿੰਘ ਭਾਟੀਆ ਵਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਏਰੀਆ ਡਿਵੈਲਪਮੈਂਟ ਕਮੇਟੀ ਅਤੇ ਪਾਰਕ ਕਮੇਟੀ ਦੇ ਪ੍ਰਧਾਨ ਸ਼ਾਮ ਲਾਲ ਮਿੱਤਲ ਜੀ, ਹਿਊਮਨ ਸਰਵਿਸ ਸੁਸਾਇਟੀ ਦੇ ਪ੍ਰਧਾਨ ਜਤਿੰਦਰ ਸ਼ਰਮਾ ਜੀ, ਹਿਊਮਨ ਵੈਲਫੇਅਰ ਮੰਚ ਦੇ ਚੇਅਰਪਰਸਨ ਲਲਿਤਾ ਰਾਓ ਜੀ ਵੀ ਸ਼ਾਮਿਲ ਹੋਏ। ਮੁੱਖ ਮਹਿਮਾਨਾ ਅਤੇ ਪ੍ਰਧਾਨਾਂ ਨੇ ਲੋਕਾਂ ਨੂੰ ਲੋਹੜੀ ਦਾ ਮਹੱਤਵ ਦੱਸਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਰਜਿੰਦਰ ਸਿੰਘ, ਮੈਡਮ ਅਨੀਤਾ, ਸੁਰਿੰਦਰ ਸਿੰਗਲਾ, ਹਰਪ੍ਰੀਤ ਸਿੰਘ, ਮੇਜਰ ਆਰ ਪੀ ਐਸ ਮਲਹੋਤਰਾ, ਮਨਮੋਹਨ ਅਰੋੜਾ, ਕਿਰਨ ਭਾਟੀਆ, ਤੀਰਥ ਰਾਣਾ, ਜਰਨੈਲ



ਹੋਰ ਕਈ ਸਾਥੀ ਸ਼ਾਮਿਲ ਰਹੇ। ਇਸ ਤੋਂ ਇਲਾਵਾ 200 ਤੋਂ ਵੱਧ ਭੈਣ ਭਰਾ ਬੱਚਿਆਂ ਅਤੇ ਬਜ਼ੁਰਗਾਂ ਨੇ ਹਿੱਸਾ ਲਿਆ ਅਤੇ ਲੋਹੜੀ ਦਾ ਤਿਉਹਾਰ ਖੁਸ਼ੀਆਂ ਨਾਲ ਮਨਾਇਆ।

# ਨਰਸਿੰਗ ਕਾਲਜ ਦੇ ਵਿਦਿਆਰਥੀਆਂ ਨੂੰ ਆਵਾਜਾਈ ਸੁਰੱਖਿਆ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਉਤਸ਼ਾਹਿਤ ਕੀਤਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

ਸਰਕਾਰੀ ਨਰਸਿੰਗ ਕਾਲਜ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਪ੍ਰਿੰਸੀਪਲ ਡਾਕਟਰ ਬਲਵਿੰਦਰ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ, ਕਾਨੂੰਨਾਂ, ਅਸੂਲਾਂ, ਫਰਜ਼ਾਂ ਦੀ ਜਾਣਕਾਰੀ ਦੇਕੇ ਇਨ੍ਹਾਂ ਦੀ ਪਾਲਣਾ ਕਰਨ ਅਤੇ ਦੂਜਿਆਂ ਨੂੰ ਜਾਗਰੂਕ ਕਰਨ ਲਈ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ



ਏ ਐਸ ਆਈ ਰਾਮ ਸਰਨ ਨੇ ਉਤਸ਼ਾਹਿਤ ਕੀਤਾ। ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਸੁਸਾਇਟੀ ਨੇ ਦਸਿਆ ਕਿ ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਦੇ ਹੁਕਮਾਂ ਅਨੁਸਾਰ, ਡਾਕਟਰ ਵਿਸ਼ਾਲ ਚੋਪੜਾ ਮੈਡੀਕਲ ਸੁਪਰਡੈਂਟ ਰਾਜਿੰਦਰਾ ਹਸਪਤਾਲ ਦੀ ਹਦਾਇਤਾਂ ਅਨੁਸਾਰ ਡਾਕਟਰ ਬਲਵਿੰਦਰ ਕੌਰ ਪ੍ਰਿੰਸੀਪਲ ਨਰਸਿੰਗ ਕਾਲਜ ਦੀ ਸਰਪ੍ਰਸਤੀ ਹੇਠ ਸਾਰੇ ਵਿਦਿਆਰਥੀਆਂ ਨੂੰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋਂ ਅਤੇ ਜ਼ਖਮੀਆਂ ਦੀ ਸੇਵਾ ਸੰਭਾਲ ਦੀ ਟ੍ਰੇਨਿੰਗਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਪ੍ਰਮਾਤਮਾ ਨੇ ਸਾਨੂੰ ਅਤੇ ਵਿਸ਼ੇਸ਼ ਤੌਰ ਤੇ ਡਾਕਟਰਾਂ ਨਰਸਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਕੇ ਧਰਤੀ ਤੇ ਭੇਜਿਆ ਹੈ ਇਸ ਲਈ ਸਾਨੂੰ ਪੀੜਤਾਂ ਦੇ ਦੁੱਖ ਨਿਵਾਰਨ ਅਤੇ ਜਾਨਾਂ ਬਚਾਉਣ ਲਈ ਹਮੇਸ਼ਾ ਤਿਆਰ ਰਹਿਣਾ ਜ਼ਰੂਰੀ ਹੈ। ਡਾਕਟਰ ਬਲਵਿੰਦਰ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਰਦੀਧਾਰੀ ਇਨਸਾਨ, ਦੇਸ਼, ਸਮਾਜ, ਮਾਨਵਤਾ ਅਤੇ ਵਾਤਾਵਰਨ ਦੇ ਮਦਦਗਾਰ ਅਤੇ ਪਹਿਰੇਦਾਰ ਫ਼ਰਿਸ਼ਤੇ ਹਨ।

# ਸਾਰਥਿਕ ਸੋਚ ਗਵਾਂਢੀ ਗਰੁੱਪ ਕਰਤਾਰ ਨਗਰ ਖੰਨਾ ਵੱਲੋਂ ਧੀਆਂ ਦੀ ਲੋਹੜੀ ਮਨਾਈ ਗਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 14 ਜਨਵਰੀ
INTERNATIONAL PAPER, 9463601616
hardipchumber57@gmail.com

ਪ੍ਰੈਸ ਬਿਆਨ ਜਾਰੀ ਕਰਦਿਆ ਇੰਜ ਹਰਜਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਐਸ ਸੀ/ ਬੀ ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ ਪੰਜਾਬ ( ਰਜਿ: ) ਨੇ ਦੱਸਿਆ ਕਿ ਕਰਤਾਰ ਨਗਰ ਅਮਲੋਹ ਰੋਡ ਖੰਨਾ ਵਿਖੇ ਸਾਰਥਿਕ ਸੋਚ ਗਵਾਂਢੀ ਗਰੁੱਪ ਵੱਲੋਂ ਨਵਜੰਮੀਆਂ ਬੱਚੀਆਂ ਦੀ ਲੋਹੜੀ ਸਾਂਝੇ ਰੂਪ ਵਿੱਚ ਮਨਾਈ ਗਈ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸਰਦਾਰ ਜਸਪਾਲ ਸਿੰਘ ਕੰਗ ਨੇ ਆਪਣੀ ਟੀਮ ਸਮੇਤ ਪਹੁੰਚ ਕੇ ਹਾਜਰੀ ਲਗਵਾਈ। ਧੂਣਾ ਬਾਲਣ ਦੀ ਰਸਮ ਸਰਦਾਰ ਗੁਰਮਿੰਦਰ ਸਿੰਘ ਗਿੱਲ ਨੇ ਨਿਭਾਈ। ਇਕੱਠ ਨੂੰ ਸੰਬੋਧਨ



ਕਰਦਿਆ ਬੁਲਾਰੇ ਸਾਥੀਆਂ ਨੇ ਲੋਹੜੀ ਦੀ ਮਹੱਤਤਾ ਤੇ ਚਾਨਣ ਪਾਇਆ। ਸਮਾਜ ਵਿੱਚ ਜਿਆਦਾਤਰ ਮੁੰਡਿਆਂ ਦੀ ਲੋਹੜੀ ਮਨਾਉਣ ਨੂੰ ਤਰਜੀਹ ਦਿੱਤੀ ਗਈ ਹੈ।ਅਜੋਕੇ ਦੌਰ ਵਿੱਚ ਸਮਾਜ ਮੁੰਡੇ ਕੁੜੀ ਨੂੰ ਬਰਾਬਰਤਾ ਦੇਣ ਵੱਲ ਤੁਰਿਆ ਹੈ।ਕੁੜੀਆਂ ਕਿਸੇ ਪੱਖ ਤੋਂ ਵੀ ਘੱਟ ਨਹੀ ਹਨ। ਵੱਡੇ ਵੱਡੇ ਅਹੁੱਦਿਆਂ ਤੇ ਬਿਰਾਜਮਾਨ ਹਨ। ਮੁੰਡਿਆ ਕੁੜੀਆਂ ਦੀ ਗਿਣਤੀ ਦਾ ਅਨੁਪਾਤ ਵੱਧਦਾ ਜਾ ਰਿਹਾ ।ਅੱਜ ਲੋੜ ਹੈ ਮੁੰਡਿਆ ਕੁੜੀਆਂ ਦਾ ਬੈਲੈਂਸ ਬਰਾਬਰ ਰੱਖਿਆ ਜਾਵੇ।ਮੁੱਖ ਮਹਿਮਾਨ ਸਰਦਾਰ ਜਸਪਾਲ ਸਿੰਘ ਕੰਗ ਅਤੇ ਗਰੁੱਪ ਪ੍ਰਧਾਨ ਵੱਲੋਂ ਨਵੀਆਂ ਜੰਮੀਆਂ ਬੱਚੀਆਂ ਨੂੰ ਸਨਮਾਨ ਚਿੰਨ੍ਹ ਅਤੇ ਬਣਦਾ ਮਾਣ ਸਤਿਕਾਰ ਦਿੱਤਾ ਗਿਆ। ਅਖੀਰ ਵਿੱਚ ਮੈਡਮ ਸੁਭਾਸ਼ ਰਾਣੀ ਪ੍ਰਧਾਨ ਵੱਲੋਂ ਸਮਾਗਮ ਵਿੱਚ ਸਿਰਕਤ ਕਰਨ ਵਾਲਿਆ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਬਲਵੰਤ ਸਿੰਘ ਮੈਨੇਜਰ, ਹਰਬੰਸ ਸਿੰਘ, ਗੁਰਪਾਲ ਸਿੰਘ, ਗੁਰਬਚਨ ਸਿੰਘ, ਜਸਪਾਲ ਸਿੰਘ, ਕਰਮਜੀਤ ਸਿੰਘ, ਹਰਦੀਪ ਸਿੰਘ,ਹਰਬੰਸ ਸਿੰਘ, ਜਗਤਾਰ ਸਿੰਘ, ਅੰਮ੍ਰਿਤਪਾਲ ਸਿੰਘ ਹਰਿੰਦਰ ਸਿੰਘ, ਗੁਰਸ਼ਰਨ ਸਿੰਘ, ਸਿਮਰਨ ਸਿੰਘ, ਰੌਕੀ,ਵਰਿੰਦਰ ਸਿੰਘ, ਸੰਦੀਪ ਕੌਰ ਕੰਗ, ਸਤਿੰਦਰ ਕੌਰ ਗਿੱਲ, ਰੁਪਿੰਦਰ ਕੌਰ, ਤਰਨਪ੍ਰੀਤ ਕੌਰ, ਸਪਿੰਦਰ ਕੌਰ, ਪਰਮਜੀਤ ਕੌਰ, ਜਪਜੀਤ ਕੌਰ, ਹਰਜਿੰਦਰ ਕੌਰ, ਬਲਵੀਰ ਕੌਰ ਖਟੜਾ, ਬਲਜਿੰਦਰ ਕੌਰ, ਨਵਦੀਪ ਕੌਰ, ਸ਼ਰਨਜੀਤ ਕੌਰ, ਬਲਵਿੰਦਰ ਕੌਰ, ਗੁਰਮੀਤ ਕੌਰ,ਮਨਰੂਪ, ਪਵਨਜੀਤ ਕੌਰ, ਗੁਰਵਿੰਦਰ ਕੌਰ, ਕੁਲਦੀਪ ਕੌਰ, ਸੰਦੀਪ ਕੌਰ, ਰਿਪਨਜੀਤ ਕੌਰ, ਰਿੰਪੀ, ਟੀਨਾ ਸਰਮਾ, ਗੈਵੀ, ਜੇ ਜੇ, ਲੱਡੂ, ਕਰਨ, ਪਰੀ, ਤਕਦੀਰ, ਲਵੀ, ਪ੍ਰਭਨੂਰ, ਨਿੰਦਰ, ਗੌਰੀ, ਹਰਸ਼, ਜਸ, ਵਗੈਰਾ ਹਾਜਰ ਸਨ। ਗਰੁੱਪ ਮੈਬਰਾਂ ਵੱਲੋ ਖਾਣ-ਪੀਣ, ਚਾਹ ਦਾ ਪ੍ਰਬੰਧ ਵੀ ਕੀਤਾ ਗਿਆ

# ਸੀਨੀਅਰ ਸਿਟੀਜ਼ਨਜ ਵੱਲੋਂ ਲੋਹੜੀ ਨੂੰ ਸਮਰਪਿਤ ਸੰਗੀਤ ਮਈ ਸ਼ਾਮ ਦਾ ਆਯੋਜਨ

## ਬਜ਼ੁਰਗ ਮਰਦ, ਇਸਤਰੀਆਂ ਨੇ ਭੰਗੜੇ ਤੇ ਗਿੱਧੇ ਦੀ ਪਾਈਆਂ ਧਮਾਲਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਸੰਗਰੂਰ,14 ਜਨਵਰੀ ( ਜਗਸੀਰ ਸਿੰਘ) -

ਸਥਾਨਕ ਬਨਾਸਰ ਬਾਗ਼ ਮੁੱਖ ਦਫ਼ਤਰ ਵਿਖੇ ਸੀਨੀਅਰ ਸਿਟੀਜਨ ਭਲਾਈ ਸੰਸਥਾ ਵੱਲੋਂ ਡਾ ਨਰਵਿੰਦਰ ਸਿੰਘ ਕੌਸ਼ਲ ਪ੍ਰਧਾਨ, ਇੰਜ ਪਰਵੀਨ ਬਾਂਸਲ ਚੇਅਰਮੈਨ, ਦਲਜੀਤ ਸਿੰਘ ਜ਼ਖਮੀ ਸਰਪ੍ਰਸਤ ਅਤੇ ਜਰਨਲ ਸਕੱਤਰ ਜਗਜੀਤ ਸਿੰਘ ਜੱਸਲ ਦੀ ਦੇਖ ਰੇਖ ਹੇਠ ਲੋਹੜੀ ਨੂੰ ਸਮਰਪਿਤ ਸੰਗੀਤ ਮਈ ਸ਼ਾਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸੰਸਥਾ ਦੇ ਪ੍ਰਧਾਨ ਡਾਕਟਰ ਨਰਵਿੰਦਰ ਸਿੰਘ ਕੌਸ਼ਲ ਅਤੇ ਉਨਾਂ ਦੀ ਧਰਮ ਪਤਨੀ ਡਾਕਟਰ ਸੁਨੀਤਾ ਕੌਸ਼ਲ, ਚੇਅਰਮੈਨ ਪਰਵੀਨ ਬਾਂਸਲ ਅਤੇ ਜਗਜੀਤ ਸਿੰਘ ਜੱਸਲ ਨੇ ਲੋਹੜੀ ਬਾਲਣ ਦੀ ਰਸਮ ਅਦਾ ਕੀਤੀ। ਉਨ੍ਹਾਂ ਦੇ ਨਾਲ ਰਾਜ ਕੁਮਾਰ ਅਰੋੜਾ, ਸੁਰਿੰਦਰ ਪਾਲ ਸਿੰਘ ਸਿਦਕੀ, ਡਾ ਇਕਬਾਲ ਸਿੰਘ, ਬਲਵੰਤ ਸਿੰਘ ਹੇਅਰ, ਲਾਭ ਸਿੰਘ ਢੀਂਡਸਾ, ਹਰਬੰਸ ਸਿੰਘ



ਇੰਸਪੈਕਟਰ, ਸੱਤਦੇਵ ਸ਼ਰਮਾ, ਰਾਮ ਲਾਲ ਪਾਂਧੀ, ਜੀਤ ਸਿੰਘ ਢੀਂਡਸਾ, ਅਵਿਨਾਸ਼ ਸ਼ਰਮਾ, ਸ਼ਕਤੀ ਮਿੱਤਲ, ਸੁਮਨ ਜ਼ਖ਼ਮੀ ਆਦਿ ਨੇ "ਈਸ਼ਰ ਆਏ, ਦਲਿੱਦਰ ਜਾਏ" ਕਹਿੰਦੇ ਹੋਏ ਲੋਹੜੀ ਵਿੱਚ ਤਿਲ ਪਾਏ।ਉਪਰੰਤ ਜਗਜੀਤ ਸਿੰਘ ਜੱਸਲ ਜਨਰਲ ਸਕੱਤਰ ਨੇ ਸਾਰਿਆਂ ਦਾ ਸਵਾਗਤ ਕੀਤਾ ਅਤੇ ਲੋਹੜੀ ਦੇ ਇਤਿਹਾਸਕ, ਸਮਾਜਿਕ ਪੱਖਾਂ ਤੇ ਜਾਣਕਾਰੀ ਸਾਂਝੀ ਕੀਤੀ। ਕੁਲਵੰਤ ਰਾਏ ਬਾਂਸਲ- ਰਖਸਾ ਬਾਂਸਲ, ਮੋਹਨ ਲਾਲ, ਦਰਸ਼ਨਾ ਮਿੱਤਲ ਨੇ ਕਵਿਤਾਵਾਂ, ਗੀਤਾਂ ਰਾਹੀਂ ਅਤੇ ਨੰਨੇ ਮੁਨਿਆਂ ਨੇ ਡਾਂਸ ਕਰਕੇ ਲੋਹੜੀ ਦੀਆਂ ਵਧਾਈਆਂ ਦਿੱਤੀਆਂ। ਪ੍ਰਸਿੱਧ ਕਲਾਕਾਰ ਸੰਜੀਵ ਸੁਲਤਾਨ ਅਤੇ ਉਸਦੀ ਸੰਗੀਤ ਮੰਡਲੀ ਨੇ ਲੋਹੜੀ ਦੇ ਗੀਤਾਂ ਤੋਂ ਸ਼ੁਰੂ ਕਰਕੇ ਗ਼ਜ਼ਲਾਂ, ਮਿਰਜ਼ਾ, ਬੋਲੀਆਂ -ਟੱਪਿਆਂ ਰਾਹੀਂ ਵੱਡੀ ਗਿਣਤੀ ਵਿੱਚ ਹਾਜ਼ਰ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਇਸ ਮੌਕੇ ਤੇ ਦਲਜੀਤ ਜ਼ਖ਼ਮੀ-ਸੁਮਨ ਜ਼ਖ਼ਮੀ ਵੱਲੋਂ ਸ਼ੁਰੂ ਹੋਏ ਡਾਂਸ ਤੋਂ ਬਾਅਦ ਨਰਵਿੰਦਰ ਸਿੰਘ ਕੌਸ਼ਲ, ਰਾਜ ਕੁਮਾਰ ਅਰੋੜਾ, ਜੀਤ ਸਿੰਘ ਢੀਂਡਸਾ, ਸੁਰਿੰਦਰ ਪਾਲ ਸਿੰਘ ਸਿਦਕੀ, ਸੁਰਜੀਤ ਸਿੰਘ ਢੀਂਡਸਾ, ਵਾਸਦੇਵ ਸ਼ਰਮਾ, ਡੀ ਐਸ ਖੁਰਮੀ, ਜਗਜੀਤ ਇੰਦਰ ਸਿੰਘ, ਰਾਮ ਲਾਲ ਪਾਂਧੀ, ਜਸਵੰਤ ਸਿੰਘ ਸਾਹੀ, ਲਾਭ ਸਿੰਘ, ਹਰਮੇਲ ਸਿੰਘ ਆਦਿ ਨੇ ਭੰਗੜੇ ਰਾਹੀਂ ਸਰਦੀ ਦੇ ਮੌਸਮ ਵਿੱਚ ਵੀ ਰੰਗ ਬੰਨ੍ਹ ਦਿੱਤਾ ਜਦੋਂ ਕਿ ਸੰਸਥਾ ਦੀਆਂ ਬੀਬੀਆਂ ਰੇਖਾ ਗੋਇਲ, ਸੁਨੀਤਾ ਕੌਸ਼ਲ, ਊਸ਼ਾ ਗਰਗ, ਕਮਲੇਸ਼, ਕਿਰਨ ਭੱਲਾ, ਜੋਗਿੰਦਰ ਕੌਰ, ਕੁਲਦੀਪ ਕੌਰ, ਸੁਨੀਤਾ ਗਰਗ, ਇੰਦਰਪਾਲ ਕੌਰ ਆਦਿ ਨੇ ਬੋਲੀਆਂ ਦੀ ਲੈਅ ਤੇ ਗਿੱਧੇ ਦੀਆਂ ਧਮਾਲਾਂ ਪਾਉਂਦਿਆਂ ਜਸ਼ਨਾਂ ਨੂੰ ਸਿਖ਼ਰ ਤੇ ਪਹੁੰਚਾ ਦਿੱਤਾ। ਇਸ ਮੌਕੇ ਤੇ ਮੈਂਬਰਾਂ ਦੇ ਪੋਤੇ,ਪੋਤੀਆਂ,ਦੋਹਤੇ, ਦੋਹਤੀਆਂ ਨੂੰ ਪ੍ਰਬੰਧਕਾਂ ਵੱਲੋਂ ਗਿਫਟ ਦਿੱਤੇ ਗਏ।ਪ੍ਰਧਾਨ ਅਤੇ ਚੇਅਰਮੈਨ ਨੇ ਸਮੂਹ ਸੰਸਥਾ ਦੇ ਮੈਂਬਰਾਂ ਨੂੰ ਲੋਹੜੀ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਧੰਨਵਾਦ ਕੀਤਾ। ਦੇਰ ਸ਼ਾਮ ਤੱਕ ਇਸ ਸੰਗੀਤ ਮਈ ਸਮਾਗਮ ਦਾ ਬਜ਼ੁਰਗਾਂ ਨੇ ਖੂਬ ਆਨੰਦ ਮਾਣਿਆ।ਰਾਜ ਕੁਮਾਰ ਬਾਂਸਲ, ਪ੍ਰੇਮ ਚੰਦ ਗਰਗ, ਅਵਿਨਾਸ਼ ਸ਼ਰਮਾ, ਬਲਦੇਵ ਕ੍ਰਿਸ਼ਨ ਗੁਪਤਾ, ਬਾਲ ਕ੍ਰਿਸ਼ਨ, ਕੁਲਵੰਤ ਸਿੰਘ ਅਕੋਈ, ਹਰੀ ਦਾਸ ਸ਼ਰਮਾ, ਸੱਤਦੇਵ ਸ਼ਰਮਾ, ਅਮਰਜੀਤ ਸਿੰਘ ਪਾਹਵਾ ਨੇ ਵਿਸ਼ੇਸ਼ ਸੇਵਾਵਾਂ ਰਾਹੀਂ ਸਹਿਯੋਗ ਦਿੱਤਾ।ਇਸ ਮੌਕੇ ਤੇ ਏ ਪੀ ਸਿੰਘ ਬਾਬਾ, ਰਾਜਵੀਰ ਸਿੰਘ ਸਿਬੀਆ, ਦੁਰਗਾ ਦਾਸ, ਓ ਪੀ ਛਾਬੜਾ, ਸੁਰੇਸ਼ ਗੁਪਤਾ, ਸੁਰਜੀਤ ਸਿੰਘ ਕਾਲੀਆ, ਹਰਬੰਸ ਸਿੰਘ ਕੁਮਾਰ, ਹਰਬੰਸ ਲਾਲ ਗਰਗ, ਜਸਵੰਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

# ਗਰਭਵਤੀ ਔਰਤਾਂ ਦੀ ਸੌ ਫ਼ੀਸਦੀ ਸੰਸਥਾਗਤ ਪ੍ਰਸੂਤੀ ਯਕੀਨੀ ਬਣਾਈ ਜਾਵੇ: ਐੱਸ.ਐੱਮ.ਓ ਡਾ. ਸੁਰਜੀਤ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਕੀਰਤਪੁਰ ਸਾਹਿਬ (14 ਜਨਵਰੀ, 2026): ਕਾਰਜਕਾਰੀ ਸਿਵਲ ਸਰਜਨ ਰੂਪਨਗਰ ਡਾ. ਨਵਰੂਪ ਕੌਰ ਦੇ ਹੁਕਮਾਂ ਅਨੁਸਾਰ ਮਾਂ ਅਤੇ ਸ਼ਿਸ਼ੂ ਮੌਤ ਦਰ ਨੂੰ ਘਟਾਉਣ ਦੇ ਉਦੇਸ਼ ਨਾਲ ਪੀ.ਐੱਚ. ਸੀ ਕੀਰਤਪੁਰ ਸਾਹਿਬ ਅਤੇ ਇਸਦੇ ਅਧੀਨ ਆਉਂਦੇ ਵੱਖ ਵੱਖ ਆਯੁਸ਼ਮਾਨ ਅਰੋਗਿਆ ਕੇਂਦਰਾਂ 'ਤੇ ਮਮਤਾ ਦਿਵਸ ਮਨਾਇਆ ਗਿਆ। ਇਸ ਦੌਰਾਨ ਆਪਣੇ ਬੱਚਿਆਂ ਦੇ ਭਵਿੱਖ ਲਈ ਚਿੰਤਤ ਮਾਪੇ ਖੁਦ ਬੱਚਿਆਂ ਨੂੰ ਟੀਕੇ ਲਗਵਾਉਣ ਲਈ ਸਿਹਤ ਕੇਂਦਰਾਂ 'ਤੇ ਲੈ ਕੇ ਪਹੁੰਚੇ ਅਤੇ ਗਰਭਵਤੀ ਔਰਤਾਂ ਵੱਲੋਂ ਵੀ ਆਪਣੀ ਸਿਹਤ ਜਾਂਚ ਕਰਵਾਈ ਗਈ।



ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੁਰਜੀਤ ਸਿੰਘ ਨੇ ਦੱਸਿਆ ਕਿ ਮਮਤਾ ਦਿਵਸ ਮੌਕੇ ਸਿਹਤ ਕੇਂਦਰਾਂ 'ਤੇ ਕੇਵਲ ਮਾਂ ਅਤੇ ਬੱਚੇ ਦੀ ਸਿਹਤ ਜਾਂਚ ਅਤੇ ਟੀਕਾਕਰਨ ਹੀ ਨਹੀਂ ਕੀਤਾ ਜਾਂਦਾ ਸਗੋਂ ਗਰਭਵਤੀ ਔਰਤਾਂ ਨੂੰ ਸਰਕਾਰ ਵੱਲੋਂ ਮਿਲਣ ਵਾਲੀਆਂ ਮੁਫ਼ਤ ਸਿਹਤ ਸਹੂਲਤਾਂ ਅਤੇ ਮਾਪਿਆਂ ਨੂੰ ਬੱਚੇ ਦੀ ਸਾਂਭ ਸੰਭਾਲ ਤੋਂ ਲੈ ਕੇ ਪਰਿਵਾਰ ਨਿਯੋਜਨ ਦੇ ਤਰੀਕਿਆਂ ਬਾਰੇ ਪੂਰੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਉਹਨਾਂ ਦੱਸਿਆ ਕਿ ਦੇਹਾਤੀ ਖੇਤਰਾਂ ਵਿਚ ਹਰ ਬੁੱਧਵਾਰ ਲੱਗਣ ਵਾਲੇ ਇਹ ਕੈਂਪ ਮਾਂ ਅਤੇ ਸ਼ਿਸ਼ੂ ਮੌਤ ਦਰ ਘਟਾਉਣ ਵਿਚ ਮਦਦਗਾਰ ਸਾਬਿਤ ਹੋ ਰਹੇ ਹਨ।

ਬਲਾਕ ਐਕਸਟੈਨਸ਼ਨ ਐਜੂਕੇਟਰ ਰਤਿਕਾ ਓਬਰਾਏ ਨੇ ਦੱਸਿਆ ਕਿ ਅੱਜ ਸੀਨੀਅਰ ਮੈਡੀਕਲ ਅਫ਼ਸਰ ਨੇ ਆਯੁਸ਼ਮਾਨ ਅਰੋਗਿਆ ਕੇਂਦਰ ਦੋਹਣੀ ਵੱਲੋਂ ਬਰਾਰੀ ਵਿਖੇ ਲਗਾਏ ਗਏ ਈ.ਪੀ.ਆਈ ਸੈਸ਼ਨ ਦੌਰਾਨ ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਹਨਾਂ ਏ.ਐੱਨ.ਐੱਮ ਅਤੇ ਆਸ਼ਾ ਨੂੰ ਉੱਚ ਜੋਖਿਮ ਵਾਲੀਆਂ ਗਰਭਵਤੀ ਔਰਤਾਂ ਦੇ ਨਾਲ ਨਾਲ ਜਣੇਪੇ ਉਪਰੰਤ ਨਵਜੰਮੇ ਬੱਚੇ ਅਤੇ ਉਸਦੀ ਮਾਤਾ ਦੀ ਸਿਹਤ ਜਾਂਚ ਲਈ ਉਹਨਾਂ ਘਰ ਨਿਯਮਿਤ ਵਿਜ਼ਿਟ ਕਰਨ ਦੀ ਹਿਦਾਇਤ ਕੀਤੀ ਅਤੇ ਗਰਭਵਤੀ ਔਰਤਾਂ ਦੀ ਸੌ ਫ਼ੀਸਦੀ ਸੰਸਥਾਗਤ ਪ੍ਰਸੂਤੀ ਯਕੀਨੀ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਐੱਸ.ਐੱਮ. ਆਈ ਸਿਕੰਦਰ ਸਿੰਘ, ਹੈਲਥ ਇੰਸਪੈਕਟਰ ਸੁਖਦੀਪ ਸਿੰਘ, ਸੀ.ਐੱਚ.ਓ ਰਾਜਪ੍ਰੀਤ ਕੌਰ ਬੈਂਸ, ਮਲਟੀਪਰਪਜ਼ ਹੈਲਥ ਵਰਕਰ ਵਰਿੰਦਰ ਸਿੰਘ, ਏ.ਐੱਨ.ਐੱਮ ਮੀਨਾਕਸ਼ੀ, ਨੀਲਮ ਰਾਣੀ, ਅਤੇ ਆਸ਼ਾ ਵਰਕਰ ਹਾਜ਼ਰ ਸਨ।

# ਲਹਿਰਾਗਾਗਾ ਵਿਖੇ ਅਧੁਨਿਕ ਤਹਿਸੀਲ ਕੰਪਲੈਕਸ ਦੇ ਨਿਰਮਾਣ ਨਾਲ ਪ੍ਰਸ਼ਾਸਕੀ ਸਹੂਲਤਾਂ ਨੂੰ ਮਿਲੇਗੀ ਨਵੀਂ ਰਫ਼ਤਾਰ: ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ

## 19.66 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਤਹਿਸੀਲ ਕੰਪਲੈਕਸ ਦੇ ਕੰਮ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 14 ਜਨਵਰੀ INTERNATIONAL PAPER, 9463601616 hardipchumber57@gmail.com

ਲ ਹਿ ਰਾ ਗਾ ਗਾ , 1 4 ਜਨਵਰੀ (ਜਗਸੀਰ ਸਿੰਘ) - ਲਹਿਰਾਗਾਗਾ ਅਤੇ ਆਸ-ਪਾਸ ਦੇ ਖੇਤਰਾਂ ਦੇ ਵਸਨੀਕਾਂ ਨੂੰ ਬਿਹਤਰ, ਸੁਚੱਜੀਆਂ ਅਤੇ ਪਾਰਦਰਸ਼ੀ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ 19.66 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਨਵੇਂ ਅਤੇ ਅਧੁਨਿਕ ਤਹਿਸੀਲ ਕੰਪਲੈਕਸ, ਜਿਸ ਦਾ ਨੀਂਹ ਪੱਥਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 04 ਅਕਤੂਬਰ 2025 ਨੂੰ ਰੱਖਿਆ ਗਿਆ ਸੀ ਤੇ ਟੈਂਡਰ ਸਮੇਤ ਸਾਰੀਆਂ ਲੋੜੀਂਦੀਆਂ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਅੱਜ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਉਸਾਰੀ ਦੀ ਇੱਟ ਰੱਖ ਕੇ ਇਸ ਦੇ ਨਿਰਮਾਣ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਨਵਾਂ ਤਹਿਸੀਲ ਕੰਪਲੈਕਸ ਲਹਿਰਾਗਾਗਾ ਖੇਤਰ ਦੀ ਪ੍ਰਸ਼ਾਸਕੀ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨਾਲ ਸਰਕਾਰੀ



ਦਫ਼ਤਰਾਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਆਵੇਗਾ ਅਤੇ ਆਮ ਲੋਕਾਂ ਨੂੰ ਸੇਵਾਵਾਂ ਪ੍ਰਾਪਤ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਤੋਂ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਹ ਮਹੱਤਵਪੂਰਨ ਪ੍ਰੋਜੈਕਟ ਕਰੀਬ 06 ਮਹੀਨਿਆਂ ਵਿੱਚ ਮੁਕੰਮਲ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੇਂ ਤਹਿਸੀਲ ਕੰਪਲੈਕਸ ਦਾ ਕੁੱਲ ਕਵਰਡ ਏਰੀਆ ਲਗਭਗ 52,566 ਵਰਗ ਫ਼ੁੱਟ ਹੋਵੇਗਾ ਅਤੇ ਇਹ ਇਮਾਰਤ ਅਧੁਨਿਕ ਨਕਸ਼ੇ ਅਤੇ ਨਵੀਂ ਤਕਨਾਲੋਜੀ ਅਨੁਸਾਰ ਤਿਆਰ ਕੀਤੀ ਜਾਵੇਗੀ। ਇਸ ਪ੍ਰੋਜੈਕਟ ਤਹਿਤ ਸਰਕਾਰੀ ਅਧਿਕਾਰੀਆਂ ਲਈ ਰਿਹਾਇਸ਼ੀ ਇਮਾਰਤਾਂ ਦਾ ਨਿਰਮਾਣ ਵੀ ਕੀਤਾ ਜਾਵੇਗਾ, ਜਿਸ ਨਾਲ ਅਧਿਕਾਰੀਆਂ ਦੀ ਉਪਲਬਧਤਾ ਅਤੇ ਸੇਵਾਵਾਂ ਦੀ ਤੀਬਰਤਾ ਵਿੱਚ ਹੋਰ ਵਾਧਾ ਹੋਵੇਗਾ।

ਉਨ੍ਹਾਂ ਨੇ ਦੱਸਿਆ ਕਿ ਤਹਿਸੀਲ ਕੰਪਲੈਕਸ ਵਿੱਚ ਐਸ.ਡੀ.ਐਮ. ਦਫ਼ਤਰ, ਸਬ-ਰਜਿਸਟਰਾਰ ਦਫ਼ਤਰ, ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਦੇ ਦਫ਼ਤਰ, ਖਜ਼ਾਨਾ ਦਫ਼ਤਰ, ਲੇਬਰ ਇੰਸਪੈਕਟਰ ਦਫ਼ਤਰ, ਫੂਡ ਸਪਲਾਈ ਦਫ਼ਤਰ, ਸਟਾਫ ਰੂਮ, ਰਿਕਾਰਡ ਰੂਮ, ਉਡੀਕ ਘਰ ਅਤੇ ਹੋਰ ਜ਼ਰੂਰੀ ਪ੍ਰਸ਼ਾਸਕੀ ਤੇ ਜਨਤਕ ਸਹੂਲਤਾਂ ਸ਼ਾਮਲ ਹੋਣਗੀਆਂ। ਇਸ ਨਾਲ ਆਮ ਨਾਗਰਿਕਾਂ ਨੂੰ ਇੱਕੋ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਆਸਾਨੀ ਨਾਲ ਉਪਲਬਧ ਹੋਣਗੀਆਂ ਅਤੇ ਉਨ੍ਹਾਂ ਨੂੰ ਵੱਖ-ਵੱਖ ਦਫ਼ਤਰਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ। ਕੈਬਨਿਟ ਮੰਤਰੀ ਗੋਇਲ ਨੇ ਕਿਹਾ ਕਿ ਲਹਿਰਾਗਾਗਾ ਨੂੰ ਸਬ ਡਵੀਜ਼ਨ ਦਾ ਦਰਜਾ ਮਿਲਣ ਤੋਂ ਕਰੀਬ 18 ਸਾਲ ਬਾਅਦ ਤਹਿਸੀਲ ਕੰਪਲੈਕਸ ਦਾ ਨਿਰਮਾਣ ਹੋਣਾ ਇਲਾਕੇ ਦੇ ਲੋਕਾਂ ਲਈ ਇੱਕ ਇਤਿਹਾਸਕ ਕਦਮ ਹੈ। ਇਸ ਨਾਲ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋ ਰਹੀ ਹੈ ਅਤੇ ਖੇਤਰ ਦੇ ਪ੍ਰਸ਼ਾਸਕੀ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ।

